
# ਖਾਲਿਸਤਾਨ

## ਸਿਧਾਂਤ, ਵਿਰਾਸਤ ਤੇ ਭਵਿੱਖ

(ਨੀਤੀ ਦਸਤਾਵੇਜ)



੨੯ ਅਪਰੈਲ ੨੦੨੬

ਵਾਹਿਗੁਰੂਜੀਕਾਖਾਲਸਾ॥ ਵਾਹਿਗੁਰੂਜੀਕੀਫਤਿਹ॥

ਸ੍ਰੀ ਅਕਾਲ ਤਖਤ ਸਾਹਿਬ ਵਿਖੇ
੨੯ ਅਪਰੈਲ ੨੦੨੬ ਨੂੰ ਗੁਰੂ ਪੰਥ ਦੇ ਦਾਸਰਿਆਂ ਵਲੋਂ
ਇਹ ਨੀਤੀ ਦਸਤਾਵੇਜ ਜਾਰੀ ਕੀਤਾ ਜਾਂਦਾ ਹੈ।

ਜਾਰੀ ਕਰਤਾ ਜਥੇ:

ਪੰਚ ਪ੍ਰਧਾਨੀ ਜਥਾ

ਅਕਾਲ ਫੈਡਰੇਸ਼ਨ

ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ

ਜਥੇਦਾਰ ਜਗਤਾਰ ਸਿੰਘ ਹਵਾਰਾ ਕਮੇਟੀ

ਦਲ ਖ਼ਾਲਸਾ

# ਸ੍ਰੀ [1]ਅਕਾਲ ਜੀ ਸਹਾਇ॥

੨੯ ਅਪਰੈਲ ੨੦੨੬ ਨੂੰ ਖਾਲਿਸਤਾਨ ਐਲਾਨਨਾਮੇ  ਦੀ ੪੦ਵੀਂ ਵਰ੍ਹੇਗੰਢ ਮੌਕੇ ਅਸੀਂ ਹਜਾਰਾਂ ਜਾਂਬਾਜ ਸਿੰਘਾਂ, ਬੀਬੀਆਂ ਤੇ ਭੁਝੰਗੀਆਂ ਦੀ ਸ਼ਹਾਦਤ, ਕੁਰਬਾਨੀ ਤੇ ਜੰਗੀ ਕਾਰਨਾਮਿਆਂ ਨੂੰ ਸਿਜਦਾ ਕਰਦੇ ਹੋਏ, ਸੁਤੰਤਰਤਾ ਪਰਾਪਤੀ ਲਈ ਮਿੱਥੇ ਰਾਜਸੀ ਨਿਸ਼ਾਨੇ ਖਾਲਿਸਤਾਨ ਲਈ ਲੜੇ ਜਾ ਰਹੇ 'ਪੰਥਕ ਧਰਮ ਯੁਧ' ਵਿਚ ਆਪਣਾ ਯੋਗਦਾਨ ਪਾਉਣ ਦਾ ਦ੍ਰਿੜ੍ਹ ਨਿਸਚਾ ਪ੍ਰਗਟ ਕਰਦੇ ਹਾਂ।

ਗੁਰੂ ਖਾਲਸਾ ਪੰਥ ਦੇ ਸੇਵਾਦਾਰ ਤੇ ਇਸ ਜੰਗ-ਏ-ਅਜਾਦੀ ਦੇ ਸਿਪਾਹੀ ਹੋਣ ਨਾਤੇ ਸਤਿਗੁਰੂ ਨਾਨਕ ਸਾਹਿਬ ਸਚੇ ਪਾਤਿਸ਼ਾਹ ਜੀ ਦੇ ਹਜੂਰ ਅਰਦਾਸ ਕਰਦੇ ਹਾਂ ਕਿ ਸਾਨੂੰ ਪੰਥਕ ਧਰਮ ਯੁਧ ਦੇ ਮਾਰਗ ਉੱਤੇ ਚਲਣ ਲਈ ਸੋਝੀ-ਸਮਰਥਾ-ਸਿਰੜ ਅਤੇ ਏਕਤਾ-ਇਤਫਾਕ ਬਖ਼ਸ਼ੇ।

ਪੂਰੀ ਦੁਨੀਆਂ ਵਿਚ ਖਿੰਡਾਓ ਦਾ ਦੌਰ ਹੈ। ਵਪਾਰਕ ਜੰਗ, ਰਾਜਸੀ ਫੌਜੀ ਜੰਗ, ਤਕਨੀਕ ਦੀ ਜੰਗ, ਬਿਰਤਾਂਤ ਦੀ ਜੰਗ ਆਦਿਕ ਜੰਗਾਂ ਕਾਰਨ ਵਿਸ਼ਵ ਦੀਆਂ ਰਾਜਸੀ ਤੇ ਆਰਥਕ ਪਰਣਾਲੀਆਂ ਵੱਡੀਆਂ ਤਬਦੀਲੀਆਂ ਵਿਚੋਂ ਗੁਜਰ ਰਹੀਆਂ ਹਨ।

ਇੰਡੀਆ ਨੂੰ 'ਸੰਵਿਧਾਨਕ ਹਿੰਦੁਤਵੀ ਸਾਮਰਾਜ' ਬਣਾਉਣ ਲਈ ਰਾਜਤੰਤਰ ਵਿਚ ਸੰਸਥਾਗਤ ਅਤੇ ਕਾਨੂੰਨੀ ਤਬਦੀਲੀਆਂ ਕੀਤੀਆਂ ਜਾ ਰਹੀਆਂ ਹਨ ਅਤੇ ਵੱਖਰੀਆਂ ਪਛਾਣਾਂ ਨੂੰ ਮੇਸਣ ਲਈ ਦਮਨ ਚੱਕਰ ਪਰਚੰਡ ਕੀਤਾ ਜਾ ਰਿਹਾ ਹੈ।

ਬਿਪਰ ਇੰਡੀਅਨ ਸਾਮਰਾਜ ਵੱਲੋਂ ਸਿੱਖਾਂ ਦੇ ਸੰਸਥਾਨਾਂ ਨੂੰ ਬੇ-ਸਾਖ ਕਰਨ ਅਤੇ ਅਗਵਾਈ ਨੂੰ ਖਿੰਡਾਉਣ ਦੀ ਨੀਤੀ ਅਨੁਸਾਰ ਵਿਆਪਕ ਰਣਨੀਤਕ ਮੁਹਿੰਮਾਂ ਚਲਾਈਆਂ ਜਾ ਰਹੀਆਂ ਹਨ। ਸਿੱਖ ਇਸ ਵੇਲੇ ਗੰਭੀਰ ਸੂਖਮ ਤੇ ਸਥੂਲ ਹਮਲਿਆਂ ਦਾ ਸਾਹਮਣਾ ਕਰ ਰਹੇ ਹਨ।

ਅਜੋਕੇ ਫੈਸਲਾਕੁੰਨ ਮਰਹਲੇ 'ਤੇ ਇਹ ਲਾਜ਼ਮੀ ਹੈ ਕਿ ਸਿੱਖ ਰਾਜਨੀਤੀ ਬਾਰੇ ਹੋ ਰਹੀਆਂ ਵਿਚਾਰ-ਚਰਚਾਵਾਂ ਮਹਿਜ ਵੋਟ ਰਾਜਨੀਤੀ ਅਤੇ 'ਸੂਬੇਦਾਰੀ' ਹਾਸਲ ਕਰਨ ਲਈ ਸਿਆਸੀ ਜੋੜ-ਤੋੜ ਤੱਕ ਹੀ ਸੀਮਤ ਨਾ ਰਹਿ ਜਾਣ ਸਗੋਂ ਅਸੀਂ ਜੰਗ-ਏ-ਅਜਾਦੀ ਲਈ ਆਪਣੇ ਅਗਵਾਈ ਦੇ ਢਾਂਚਿਆਂ ਬਾਰੇ ਆਤਮ-ਚਿੰਤਨ ਕਰੀਏ, ਰਾਜ ਪਰਾਪਤੀ ਵੱਲ ਵਧਣ ਲਈ ਸਾਂਝੀ ਰਣਨੀਤੀ ਘੜੀਏ ਅਤੇ ਇਹ ਵਿਚਾਰੀਏ ਕਿ ਭਵਿੱਖ ਵਿਚ ਆਪਣੀ ਕਿਸਮਤ ਕਿਵੇਂ ਘੜਨੀ ਹੈ।

ਸੋ ਅੱਜ ਸਾਡੇ ਵੱਲੋਂ ਲਏ ਗਏ ਫੈਸਲਿਆਂ ਦੀ ਗੂੰਜ ਆਉਣ ਵਾਲੇ ਲੰਮੇ ਭਵਿੱਖ ਤੱਕ ਸੁਣਾਈ ਦੇਵੇਗੀ — ਬਿਲਕੁਲ ਉਵੇਂ ਹੀ, ਜਿਵੇਂ ੧੭੪੭ ਤੋਂ ਪਹਿਲਾਂ ਲਏ ਗਏ ਫੈਸਲਿਆਂ ਦੇ ਨਤੀਜੇ ਸਾਹਮਣੇ ਆਏ ਸਨ।

---

[1] ੨੬ ਜਨਵਰੀ ੧੯੮੬ ਦੇ ਸਰਬੱਤ ਖਾਲਸਾ ਵਿਚ ਐਲਾਨੀ ਗਈ ਪੰਜ ਮੈਂਬਰੀ ਪੰਥਕ ਕਮੇਟੀ ਭਾਈ ਗੁਰਬਚਨ ਸਿੰਘ ਮਾਣੋਚਾਹਲ, ਭਾਈ ਗੁਰਦੇਵ ਸਿੰਘ ਉਸਮਾਨਵਾਲਾ, ਭਾਈ ਅਰੂੜ ਸਿੰਘ, ਭਾਈ ਧੰਨਾ ਸਿੰਘ ਅਤੇ ਭਾਈ ਵੱਸਣ ਸਿੰਘ ਜ਼ਫ਼ਰਵਾਲ ਦੇ ਦਸਤਖਤਾਂ ੨੯ ਅਪਰੈਲ ੧੯੮੬ ਨੂੰ ਖਾਲਿਸਤਾਨ ਐਲਾਨਨਾਮਾ ਜਾਰੀ ਕੀਤਾ ਗਿਆ ਸੀ।

# ਜੰਗ-ਏ-ਅਜਾਦੀ ਵਿਚ ਯੋਗਦਾਨ ਪਾਉਣ ਵਾਲਿਆਂ ਨੂੰ ਯਾਦ ਕਰਦਿਆਂ

ਅਸੀਂ ਬਿਰਪ ਇੰਡੀਅਨ ਸਾਮਰਾਜ ਵੱਲੋਂ ਦੇਹਧਾਰੀ ਦੰਭੀਆਂ ਦੀ ਪੁਸ਼ਤਪਨਾਹੀ ਕਰਕੇ 'ਸ਼ਬਦ ਗੁਰੂ' ਉੱਤੇ ਕਰਵਾਏ ਗਏ ਹਮਲਿਆਂ ਵਿਰੁਧ ਸੰਗਰਾਮ ਦੌਰਾਨ ਸ਼ਹੀਦ ਹੋਏ ਭਾਈ ਫੌਜਾ ਸਿੰਘ ਜੀ ਤੇ ਸਾਕਾ ੧੯੭੮ ਦੇ ਸਮੂਹ ਸ਼ਹੀਦਾਂ ਨੂੰ ਸਨਿਮਰ ਪ੍ਰਣਾਮ ਕਰਦੇ ਹਾਂ।

ਅਸੀਂ ਜੂਨ ੧੯੮੪ ਦੌਰਾਨ ਸੰਤ ਜਰਨੈਲ ਸਿੰਘ ਖਾਲਸਾ ਭਿੰਡਰਾਂਵਾਲਿਆਂ ਦੀ ਅਗਵਾਈ ਵਿਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਅਕਾਲ ਤਖਤ ਸਾਹਿਬ ਸਮੇਤ ਪੰਜਾਬ, ਤੇ ਪੰਜਾਬ ਨਾਲ ਲਗਦੇ ਜੱਦੀ-ਪੁਸ਼ਤੀ ਸਿਖ ਇਲਾਕਿਆਂ ਵਿਚ ਗੁਰੁਦੁਆਰਾ ਸਾਹਿਬਾਨ ਉੱਤੇ ਹਮਲਾਵਰ ਹੋਈ ਇੰਡੀਅਨ ਫੌਜ ਨਾਲ ਜੰਗ ਦੌਰਾਨ ਜੂਝ ਕੇ ਸ਼ਹਾਦਤ ਪਾਉਣ ਵਾਲੇ ਜੰਗਜੂਆਂ ਸਮੇਤ ਤੀਜੇ ਘੱਲੂਘਾਰੇ ਦੇ ਸਮੂਹ ਸ਼ਹੀਦਾਂ ਨੂੰ ਨਮਨ ਕਰਦੇ ਹਾਂ।

ਜੂਨ ੮੪ ਦੇ ਘੱਲੂਘਾਰੇ ਤੋਂ ਬਾਅਦ ਜੰਗ-ਏ-ਅਜਾਦੀ ਦੌਰਾਨ ਭਾਈ ਬੇਅੰਤ ਸਿੰਘ ਮਲੋਆ, ਭਾਈ ਸਤਵੰਤ ਸਿੰਘ, ਭਾਈ ਕੇਹਰ ਸਿੰਘ, ਭਾਈ ਹਰਜਿੰਦਰ ਸਿੰਘ ਜਿੰਦਾ, ਭਾਈ ਸੁਖਦੇਵ ਸਿੰਘ ਸੁੱਖਾ, ਭਾਈ ਦਿਲਾਵਰ ਸਿੰਘ ਬੱਬਰ ਸਮੇਤ ਅਣਗਿਣਤ ਸਿੰਘਾਂ ਤੇ ਬੀਬੀਆਂ ਵੱਲੋਂ ਜੰਗ ਵਿਚ ਜੂਝਦਿਆਂ ਤੇ ਝੂਠੇ ਮੁਕਾਬਲਿਆਂ ਵਿਚ ਪਾਈਆਂ ਸ਼ਹਾਦਤਾਂ ਨੇ ਇਸ ਪਦਾਰਥਵਾਦ (ਧਾਤ) ਦੇ ਯੁਗ ਵਿਚ ਨਿਸ਼ਕਾਮ ਸੇਵਾ ਤੇ ਸੰਗਰਾਮ ਰਾਹੀਂ ਗੁਰਮੁਖ ਨੈਤਿਕਤਾ ਨੂੰ ਮੁੜ ਸੁਰਜੀਤ ਕੀਤਾ, ਜੋ ਵਰਤਮਾਨ ਤੇ ਭਵਿੱਖ ਵਿਚ ਨੌਜਵਾਨਾਂ ਵਾਸਤੇ ਸਦਗੁਣਾਂ, ਸ਼ੁਭਕਰਮ ਤੇ ਧਰਮ ਯੁਧ ਲਈ ਪ੍ਰੇਰਣਾ ਦਾ ਸਰੋਤ ਬਣੀ ਰਹੇਗੀ।

ਬਿਪਰ ਇੰਡੀਅਨ ਸਾਮਰਾਜ ਦੀ ਜਰਵਾਣਾ ਬਿਰਤੀ ਦੀ ਮਾਰ ਹੇਠ ਆਏ ਜਿਹਨਾਂ ਜੁਝਾਰੂ ਸਿੰਘਾਂ, ਬੀਬੀਆਂ ਅਤੇ ਉਹਨਾ ਦੇ ਪਰਿਵਾਰਾਂ, ਠਹਿਰਾਂ ਦੇਣ ਵਾਲੇ, ਸਹਿਯੋਗੀ, ਹਮਦਰਦ ਬਜ਼ੁਰਗਾਂ, ਬੀਬੀਆਂ ਤੇ ਬੱਚਿਆਂ ਨੇ ਤਸ਼ੱਦਦ ਖਾਨਿਆਂ ਵਿਚ ਅਕਹਿ ਤੇ ਅਸਹਿ ਤਸ਼ੱਦਦ ਝੱਲੇ, ਅਸੀਂ ਇਹਨਾ ਸਾਰੀਆਂ ਸ਼ਹਾਦਤਾਂ ਤੇ ਕੁਰਬਾਨੀਆਂ ਦਾ ਸਤਿਕਾਰ ਕਰਦਿਆਂ ਸਨਮਾਨ ਭੇਟ ਕਰਦੇ ਹਾਂ।

ਜੰਗ-ਏ-ਅਜਾਦੀ ਦੇ ਦਹਾਕਿਆਂ ਤੋਂ ਨਜਰਬੰਦ ਸਮੂਹ ਜੰਗੀ ਕੈਦੀ ਸਿੰਘਾਂ-ਬੀਬੀਆਂ ਦੇ ਸਿਰੜ ਨੂੰ ਅਸੀਂ ਸਿਜਦਾ ਕਰਦੇ ਹਾਂ ਅਤੇ ਸਮੂਹ ਜੰਗੀ ਕੈਦੀ ਸਿੰਘਾਂ ਦੀ ਬੰਦਖਲਾਸੀ ਤੇ ਸਿਖੀ ਸਿਦਕ ਕੇਸਾਂ ਸੁਆਸਾਂ ਸੰਗ ਨਿਭਣ ਦੀ ਅਰਦਾਸ ਕਰਦੇ ਹਾਂ।

ਪਿਛਲੇ ਚਾਰ ਦਹਾਕਿਆਂ ਤੋਂ ਇਸ ਧਰਮ ਯੁਧ ਨੂੰ ਲੜ ਰਹੇ ਬੇਵਤਨੇ ਜੁਝਾਰੂ ਤੇ ਜਨਤਕ ਸਰਗਰਮੀ ਵਾਲੇ ਸਿਦਕੀਆਂ, ਅਤੇ ਦਸਵੰਧ ਰਾਹੀਂ ਯੋਗਦਾਨ ਪਾਉਣ ਵਾਲਿਆਂ ਨੂੰ ਸਤਿਕਾਰ ਭੇਟ ਕਰਦੇ ਹਾਂ।

ਮਨੁੱਖੀ ਹੱਕਾਂ ਦੇ ਪਹਿਰੇਦਾਰਾਂ ਤੇ ਵਕੀਲਾਂ ਵੱਲੋਂ ਕੀਤੀ ਸਾਂਝੀ ਘਾਲਣਾ ਦਾ ਵੀ ਸਾਡੇ ਮਨਾਂ ਵਿਚ ਹਾਰਦਿਕ ਸਤਿਕਾਰ ਹੈ।

ਤੀਜੇ ਘੱਲੂਘਾਰੇ ਤੇ ਸਿਖ ਨਸਲਕੁਸ਼ੀ ਦੇ ਵਿਰੋਧ ਵਿਚ ਸਰਕਾਰੀ ਅਹੁਦੇ ਛੱਡਣ ਤੇ ਸਨਮਾਨ ਵਾਪਸ ਕਰਨ ਅਤੇ ਬਿਪਰ ਇੰਡੀਅਨ ਸਾਮਰਾਜ ਦੇ ਜੁਲਮਾਂ ਵਿਰੁਧ ਹਾਅ ਦਾ ਨਾਅਰਾ ਮਾਰਨ ਵਾਲੀਆਂ ਸਮੂਹ ਸਖਸ਼ੀਅਤਾਂ ਦਾ ਵੀ ਸਾਡੇ ਮਨਾਂ ਵਿਚ ਹਾਰਦਿਕ ਸਤਿਕਾਰ ਹੈ।

ਸਰਕਾਰੀ ਬਿਰਤਾਂਤ ਨੂੰ ਚੁਣੌਤੀ ਦੇਣ ਵਾਲੇ ਅਤੇ ਸ਼ਹਾਦਤਾਂ ਦੀ ਯਾਦ ਤੇ ਵਿਰਾਸਤ ਨੂੰ ਅਗਲੀ ਪੀੜ੍ਹੀ ਤੱਕ ਪਹੁੰਚਾਉਣ ਲਈ ਕੀਤੇ ਯਤਨਾਂ, ਸੰਗਰਾਮ ਤੇ ਸ਼ਹਾਦਤਾਂ ਦੀ ਬਾਤ ਪਾਉਣ ਵਾਲੇ ਰਸਾਲਿਆਂ, ਪ੍ਰਚਾਰ ਤੇ ਵਿਚਾਰ-ਮੰਚਾਂ, ਖੋਜ ਸੰਸਥਾਵਾਂ, ਲੇਖਕਾਂ ਤੇ ਵਿਚਾਰਕਾਂ ਦਾ ਵੀ ਅਸੀਂ ਤਹਿ ਦਿਲੋਂ ਸਤਿਕਾਰ ਕਰਦੇ ਹਾਂ।

## ੨੯ ਅਪਰੈਲ ੧੯੮੬ ਦੇ ਖਾਲਿਸਤਾਨ ਐਲਾਨਨਾਮੇ ਦੇ ਬੁਨਿਆਦੀ ਇਕਰਾਰ ਤੇ ਮਾਨਤਾਵਾਂ

੨੬ ਜਨਵਰੀ ੧੯੮੬ ਦੇ ਸਰਬੱਤ ਖਾਲਸਾ ਦੌਰਾਨ ਚੁਣੀ ਗਈ ਪੰਜ ਮੈਂਬਰੀ ਪੰਥਕ ਕਮੇਟੀ ਵੱਲੋਂ ੨੯ ਅਪਰੈਲ ੧੯੮੬ ਨੂੰ ਜਾਰੀ ਕੀਤਾ ਗਿਆ ਖਾਲਿਸਤਾਨ ਐਲਾਨਨਾਮਾ 'ਪੰਥਕ ਧਰਮ ਯੁਧ' ਲਈ ਜੂਝਣ ਤੇ ਗੁਰੂ ਖਾਲਸਾ ਪੰਥ ਦੇ ਪਾਤਿਸਾਹੀ ਦੇ ਸਿਧਾਂਤ ਦੀ ਪੰਜ ਸਦੀਆਂ ਤੋਂ ਚਲੀ ਆ ਰਹੀ ਇਤਿਹਾਸਕ ਲਗਾਤਾਰਤਾ (ਪਰੰਪਰਾ) ਦਾ ਇਕ ਅਹਿਮ ਪੜਾਅ ਹੈ। ਇਸ ਐਲਾਨਨਾਮੇ ਦੀਆਂ ਬੁਨਿਆਦੀ ਮਾਨਤਾਵਾਂ ਅਤੇ ਇਕਰਾਰ ਅਸੀਂ ਆਪ ਸਭ ਮਾਈ ਭਾਈ ਨਾਲ ਸਾਂਝਾ ਕਰਨਾ ਚਾਹਾਂਗੇ;

"ਸਿਖ ਸੰਗਤਾਂ ਆਪਣੀ ਰੋਜ ਦੀ ਅਰਦਾਸ ਸਮੇਂ 'ਰਾਜ ਕਰੇਗਾ ਖਾਲਸਾ' ਦਾ ਸੰਕਲਪ ਦੁਹਰਾਉਂਦੀਆਂ ਹਨ, ਪਰ ਅੱਜ ਗੁਰੂ ਦੀ ਅਪਾਰ ਕਿਰਪਾ ਦੁਆਰਾ ਉਹ 'ਖਾਲਿਸਤਾਨ' ਦਾ ਸੰਕਲਪ ਮੂਰਤੀਮਾਨ ਕੀਤਾ ਜਾ ਰਿਹਾ ਹੈ।"

"ਖਾਲਿਸਤਾਨ ਦੀ ਪਾਲਿਸੀ ਗੁਰੂ ਆਸ਼ੇ ਮੁਤਾਬਕ 'ਸਰਬੱਤ ਦਾ ਭਲਾ' ਮੰਗਣਾ, ਸਭਿਆਚਾਰਕ ਜੀਵਨ ਨੂੰ ਉਤਸ਼ਾਹਿਤ ਕਰਨਾ,ਅਤੇ ਮਨੁੱਖੀ ਏਕਤਾ ਤੇ ਸਹਿਯੋਗ ਦੀ ਭਾਵਨਾ ਨੂੰ ਬੜਾਵਾ ਦੇਣਾ ਹੋਵੇਗਾ।"

"ਖਾਲਸਾ ਪੰਥ ਦਾ ਮਨਸ਼ਾ ਪ੍ਰੇਮ ਅਤੇ ਪਿਆਰ ਨਾਲ ਗੁਰੂ ਜੀ ਦੀ ਮਿਹਰ ਨਾਲ ਕਾਰਜ-ਸਿੱਧੀ ਕਰਨਾ ਹੈ। ਸਾਡਾ '।ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ।' ਦਾ ਪ੍ਰੋਗਰਾਮ ਹੈ। ਅਸੀਂ ਕੋਈ ਉਥਲ-ਪੁਥਲ ਕਰਨ ਅਤੇ ਅਜਾਈਂ ਲਹੂ ਡੋਲ੍ਹਣ ਦੇ ਹੱਕ ਵਿਚ ਨਹੀਂ ਅਤੇ ਦੂਸਰਿਆਂ ਪਾਸੋਂ ਵੀ ਇਹੋ ਆਸ ਕਰਦੇ ਹਾਂ।"

"ਸਿਖ ਧਰਮ ਦਾ ਖੁਰਾ-ਖੋਜ ਮਿਟਾਉਣਾ ਬ੍ਰਾਹਮਣਵਾਦ ਦਾ ਅਟੱਲ ਨਿਸ਼ਾਨਾ ਹੈ, ਕਿਉਂ ਜੋ ਸਿਖ ਧਰਮ ਬ੍ਰਾਹਮਣਵਾਦ ਦੀ ਜਾਤ-ਪਾਤ ਅਤੇ ਬਿਪਰਨ ਕੀ ਰੀਤ ਦੀ ਪ੍ਰਣਾਲੀ ਦਾ ਵਿਰੋਧੀ ਹੈ।"

"ਅੱਜ ਕੱਲ੍ਹ ਦੀ ਭਾਰਤ ਸਰਕਾਰ ਸ਼ੰਕਰਾ ਅਚਾਰੀਆ ਦੀ ਪਾਲਸੀ ਤੇ ਦ੍ਰਿੜਤਾ ਨਾਲ ਚੱਲਦਿਆਂ ਹੋਇਆਂ ਸਭ ਸਿਆਸੀ, ਸੱਭਿਆਚਾਰਕ, ਆਰਥਕ, ਪ੍ਰਬੰਧਕੀ ਅਤੇ ਫੌਜੀ ਸਾਧਨ ਵਰਤ ਕੇ ਸਿਖੀ ਅਤੇ ਸਿਖਾਂ ਦਾ ਭਾਰਤ ਵਿਚੋਂ ਖੁਰਾ-ਖੋਜ ਮਿਟਾਉਣ 'ਤੇ ਤੁਲੀ ਹੋਈ ਹੈ।"

ਜ਼ਿਕਰਯੋਗ ਹੈ ਕਿ ਖਾਲਿਸਤਾਨ ਦਾ ਪੰਥਕ ਨਿਸ਼ਾਨਾ ਸਿਰਫ ਹਥਿਆਰਬੰਦ ਜੁਝਾਰੂ ਜਥਿਆਂ ਦਾ ਹੀ ਨਹੀਂ ਸੀ ਬਲਕਿ ਸਿਖਾਂ ਦੀਆਂ ਜਨਤਕ ਰਾਜਸੀ ਜਥੇਬੰਦੀਆਂ ਨੇ ਵੀ ੨ ਅਪਰੈਲ ੧੯੯੨ ਨੂੰ ਯੂ.ਐਨ. ਦੇ ਜਨਰਲ ਸਕੱਤਰ ਬੁਤਰਸ ਬੁਤਰਸ ਘਾਲੀ ਨੂੰ ਦਿੱਤੇ ਯਾਦਪੱਤਰ ਤੇ ੧ ਮਈ ੧੯੯੪ ਦੇ ਅੰਮ੍ਰਿਤਸਰ ਐਲਾਨਨਾਮੇ ਰਾਹੀਂ ਸੰਪੂਰਨ ਸਤਾ ਸੰਪਨ ਖਾਲਿਸਤਾਨ ਦੀ ਸਥਾਪਨਾ ਦੇ ਪੰਥਕ ਨਿਸ਼ਾਨੇ ਦੀ ਪ੍ਰਾਪਤੀ ਨੂੰ ਆਪਣਾ ਟੀਚਾ ਮਿੱਥਿਆ।

# ਜੰਗ-ਏ-ਅਜਾਦੀ ਦੇ ਅਹਿਮ ਅਸਰ

੨੬ ਜਨਵਰੀ ੧੯੮੬ ਦੇ ਸਰਬੱਤ ਖਾਲਸਾ, ੨੯ ਅਪਰੈਲ ੧੯੮੬ ਦੇ ਖਾਲਿਸਤਾਨ ਐਲਾਨਨਾਮੇ, ਜੁਝਾਰੂਆਂ ਦੇ ਜੰਗੀ ਕਾਰਨਾਮਿਆਂ ਅਤੇ ਆਮ ਗੁਰਸੰਗਤਿ ਦੇ ਜਨਤਕ ਉਭਾਰ ਨੇ ਜੂਨ ੧੯੮੪ ਦੇ ਘਲੂਘਾਰੇ ਤੇ ਨਵੰਬਰ ੧੯੮੪ ਦੀ ਪੂਰੇ ਬਿਪਰ ਇੰਡੀਆ ਵਿਚ ਵਾਪਰੀ ਸਿਖ ਨਸਲਕੁਸ਼ੀ ਦੇ ਗਹਿਰੇ ਦਰਿਸ਼ਟਮਾਨ ਤੇ ਮਨੋਵਿਗਿਆਨਕ ਹਮਲੇ ਦੀ ਮਾਰ ਦੇ ਰਲਵੇਂ ਭਾਵਨਾਤਮਕ ਤੇ ਜਥੇਬੰਦਕ ਅਸਰਾਂ ਕਾਰਨ ਬੇਚੈਨ, ਆਗੂ ਵਿਹੂਣੇ ਤੇ ਜਥੇਬੰਦੀ ਤੋਂ ਰਹਿਤ ਹੋ ਚੁਕੇ ਸਿਖਾਂ ਵਿਚ ਰਾਜਸੀ ਮਾਰਗ ਸੇਧ, ਸਵੈ-ਮਾਣ ਤੇ ਚੜ੍ਹਦੀ ਕਲਾ ਪਰਦਾਨ ਕੀਤੀ।

ਗੁਰੀਲਾ ਖਾੜਕੂ ਜੰਗ ਨੇ ੨੦ਵੀਂ ਸਦੀ ਵਿਚ ਗੁਰੀਲਾ ਜੰਗ ਦੇ ਆਮ ਪਰਵਾਨੇ ਗਏ ਮਾਪਦੰਡਾਂ ਨੂੰ ਉਲੰਘਦਿਆਂ ਹੋਇਆਂ ਪੰਜਾਬ ਵਿਚ ਜੰਗਲ ਨਾ ਹੋਣ ਦੇ ਬਾਵਜੂਦ ਵਿਆਪਕ ਲੋਕ ਹਮਾਇਤ ਹੋਣ ਕਾਰਨ ਇਕ ਦਹਾਕਾ ਸਫਲ ਜੰਗ ਲੜੀ।

ਇਹਨਾਂ ਸਾਰੇ ਕਾਰਨਾਮਿਆਂ ਦਾ ਰਲਵਾਂ ਅਸਰ ਇਹ ਹੋਇਆ ਕਿ ਬਿਪਰ ਇੰਡੀਆ ਦੇ ਸੰਵਿਧਾਨਕ ਹਿੰਦੁਤਵੀ ਸਾਮਰਾਜ ਬਣਨ ਤੇ ਰਾਜਸੀ ਕੇਂਦਰੀਕਰਨ ਦੇ ਅਮਲ ਦੀ ਰਫਤਾਰ ਬਹੁਤ ਧੀਮੀ ਹੋ ਗਈ। ਜੰਗ-ਏ-ਅਜਾਦੀ ਨੇ ਬਿਪਰ ਇੰਡੀਆ ਸਾਮਰਾਜ ਦੇ ਗਲਬੇ ਤੇ ਹੰਕਾਰ ਨੂੰ ਤੋੜਿਆ ਅਤੇ "ਖਾਲਸਾ ਜੀ ਕੇ ਬੋਲਬਾਲੇ" ਦੇ ਸਦੀਵੀ ਪੰਥਕ ਨਿਸ਼ਾਨੇ ਨੂੰ ਪੰਜਾਬ ਵਿਚ ਲਗਭਗ ਇਕ ਦਹਾਕੇ ਤਕ ਲਾਗੂ ਕਰਨ ਵਿਚ ਸਫਲਤਾ ਪਰਾਪਤ ਕੀਤੀ।

ਇਸ ਦੌਰ ਵਿਚ ਖਾਲਸਾ ਪੰਥ ਨੇ ਸਭ ਤੋਂ ਅਹਿਮ ਪਰਾਪਤੀ ਗੁਰਸੰਗਤਿ ਦੀ ਸਾਂਝੀ ਸੁਰਤਿ ਉੱਤੇ ਦੁਨੀਆਦਾਰੀ (ਲੌਕਿਕ ਦੀ ਉਚਤਾ) ਦੇ ਪੈ ਚੁਕੇ ਪਰਭਾਵ ਨੂੰ ਤੋੜਕੇ ਸਿਖ ਜਗਤ ਅੰਦਰ ਗੁਰਮਤਿ ਜੀਵਨ ਜੁਗਤਿ (ਹਲਤ ਤੇ ਪਲਤ ਦੇ ਸਹਿਜ/ਤਵਾਜਨ) ਨੂੰ ਮੁੜ ਸੁਰਜੀਤ ਕਰਨ ਦੇ ਰੂਪ ਵਿਚ ਕੀਤੀ ਅਤੇ ਦੁਨੀਆ ਨੂੰ ਗੁਰੂ ਖਾਲਸਾ ਪੰਥ ਦੀ ਨਿਆਰੀ ਤੇ ਸੁਤੰਤਰ ਪੰਥਕ ਪਛਾਣ ਦੇ ਦਰਸ਼ਨ ਕਰਵਾਏ।

# ਪੰਥਕ ਨਿਸ਼ਾਨਾ

ਖਾਲਿਸਤਾਨ ਐਲਾਨਨਾਮੇ ਦੀ ੪੦ਵੀਂ ਵਰ੍ਹੇਗੰਢ ਮੌਕੇ ਅੱਜ ਅਸੀਂ ਆਪਣੇ ਪੰਥਕ ਨਿਸ਼ਾਨੇ ਇਹਨਾਂ ਸ਼ਬਦ ਵਿਚ ਦੋਹਰਾਉਂਦੇ ਹਾਂ:

ਪਿਛਲਾ ਤਿੰਨ ਸਦੀਆਂ ਦਾ ਸਾਡਾ ਇਤਿਹਾਸ ਅਤੇ ਸਾਡੀ ਰੋਜਾਨਾ ਅਰਦਾਸ ਇਹ ਦਰਸਾਉਂਦੀ ਹੈ ਕਿ ਗੁਰੂ ਖਾਲਸਾ ਪੰਥ ਦਾ ਸਦੀਵੀ ਪੰਥਕ ਨਿਸ਼ਾਨਾ "ਖਾਲਸਾ ਜੀ ਕੇ ਬੋਲ-ਬਾਲੇ" ਨੂੰ ਲਾਗੂ ਕਰਨ ਦੀ ਸਮਰਥਾ ਬਣਾਈ ਰਖਣਾ ਹੈ। ਇਸ ਦਾ ਸਰੋਤ ਕੋਈ ਬਾਹਰੀ ਪਰਣਾਲੀ ਜਾਂ ਅਮਲ ਨਹੀਂ ਸਗੋਂ ਖਾਲਸਾਈ ਜੁਗਤ 'ਤੇ ਅਧਾਰਤ ਪੰਥਕ ਅਤੇ ਸਖਸ਼ੀ ਰਹਿਤ ਦੀ ਪਾਲਣਾ ਹੈ।

ਮੌਜੂਦਾ ਵਿਸ਼ਵ ਰਾਜਸੀ ਪਰਣਾਲੀ ਵਿਚ ਸਾਡਾ ਵਰਤਮਾਨ ਪੰਥਕ ਨਿਸ਼ਾਨਾ ਗੁਰਮਤਿ ਦੀ ਵਿਸ਼ਵ ਦਰਿਸ਼ਟੀ 'ਤੇ ਅਧਾਰਤ ਇਕ ਸੁਤੰਤਰ, ਸੰਪੂਰਨ ਸਤਾ ਸੰਪੰਨ ਦੇਸ਼ "ਖਾਲਿਸਤਾਨ" ਦੀ ਸਥਾਪਨਾ ਹੈ। ਜਿਸ ਦਾ ਸਰੋਤ ਸਚੇ ਪਾਤਿਸਾਹ ਦੀ ਨਦਰਿ-ਕਰਮ ਅਤੇ ਖਾਲਸਾ ਜੀਓ ਦੀ ਧਰਮ ਯੁਧ ਦੀ ਵਿਰਾਸਤ ਹੈ।

ਖਾਲਿਸਤਾਨ ਵਿਚ ਮੌਜੂਦਾ ਪੂਰਬੀ ਪੰਜਾਬ ਸਮੇਤ ਜੱਦੀ-ਪੁਸ਼ਤੀ ਸਿਖ ਇਲਾਕੇ ਸ਼ਾਮਲ ਹੋਣਗੇ।

ਸਾਡੀ ਜੰਗ-ਏ-ਅਜਾਦੀ ਗੁਰਮਤਿ ਦੇ ਆਦਰਸ਼ਾਂ– 'ਸਰਬੱਤ ਦਾ ਭਲਾ' ਤੇ 'ਸਾਂਝੀਵਾਲਤਾ', ਗੁਰਮਤਿ ਦੇ ਸਮਾਜੀ-ਰਾਜਸੀ ਸਿਧਾਂਤਾਂ– 'ਬੇਗਮਪੁਰਾ' ਤੇ 'ਹਲੇਮੀ ਰਾਜ' ਨੂੰ ਕਿਸੇ ਖਾਸ ਦੇਸ਼-ਕਾਲ ਵਿਚ ਲਾਗੂ ਕਰਨ ਅਟਲ ਨਿਹਚੇ ਅਤੇ ਗੁਰੂ ਖਾਲਸਾ ਪੰਥ ਦੀ 'ਮੀਰੀ ਪੀਰੀ', 'ਧਰਮ ਯੁਧ' ਤੇ 'ਖਾਲਸਾ ਅਕਾਲ ਪੁਰਖ ਕੀ ਫੌਜ' ਦੀ ਅਮੀਰ ਵਿਰਾਸਤ ਉੱਤੇ ਅਧਾਰਤ ਹੈ।

# ਧਰਮ ਯੁਧ ਦਾ ਸਿਧਾਂਤ , ਰਣਨੀਤੀ ਅਤੇ ਅਗਵਾਈ

## ਧਰਮ ਯੁਧ ਦਾ ਸਿਧਾਂਤ

ਦਸਮ ਕਥਾ ਭਾਗਉਤ ਕੀ ਭਾਖਾ ਕਰੀ ਬਨਾਇ।। ਅਵਰ ਬਾਸਨਾ ਨਾਹਿ ਪ੍ਰਭ ਧਰਮ ਜੁਧ ਕੇ ਚਾਇ।।

'ਅਕਾਲ ਪੁਰਖ ਕੀ ਫੌਜ' ਵਜੋਂ ਸਾਡਾ ਧਰਮ ਯੁਧ ਨਿਸ਼ਕਾਮ ਭਾਵਨਾ ਨਾਲ ਲੜਿਆ ਜਾਣ ਵਾਲਾ ਯੁਧ ਹੈ।

ਆਪਣੇ ਜੀਵਨ ਅਮਲ, ਨਿਸ਼ਾਨਿਆਂ ਅਤੇ ਸੰਗਰਾਮ ਨੂੰ ਗੁਰਮਤਿ ਅਨੁਸਾਰ ਨਵਿਆਉਣਾ ਅਤੇ ਗੁਰਮਤਿ ਦੇ ਆਦਰਸ਼ਾਂ ਤੇ ਸਿਧਾਂਤਾਂ ਅਨੁਸਾਰ ਸਮਾਜਕ, ਰਾਜਨੀਤਕ, ਆਰਥਕ ਤੇ ਵਾਤਾਵਰਣਕ ਢਾਂਚਿਆਂ ਦੀ ਮੁੜ ਉਸਾਰੀ ਕਰਨੀ ਗੁਰੂ ਖਾਲਸਾ ਪੰਥ ਦੇ ਧਰਮ ਯੁਧ ਦਾ ਮੁੱਢਲਾ ਨੁਕਤਾ ਮੰਨਿਆ ਜਾਂਦਾ ਹੈ।

ਖਾਲਸਾ ਪੰਥ ਉੱਤੇ ਗਲਬਾ ਪਾਉਣ ਜਾਂ ਗੁਰੂ ਗ੍ਰੰਥ-ਗੁਰੂ ਪੰਥ ਉੱਤੇ ਕਿਸੇ ਵੀ ਤਰ੍ਹਾਂ ਹਮਲਾਵਰ ਹੋਣ ਵਾਲੀ ਕਿਸੇ ਵੀ ਦੁਨਿਆਵੀ ਤਾਕਤ ਨੂੰ ਜੁਝਾਰੂ ਖਾਲਸੇ ਦੇ ਸਰਬਲੋਹ (ਸ਼ਸਤਰ) ਦਾ ਸਾਹਮਣਾ ਕਰਨਾ ਪਵੇਗਾ ਤੇ ਖਾਲਸਾ ਪੰਥ ਉਸ ਨੂੰ ਜੜੋਂ ਪੱਟ ਕੇ ਸਰਬੱਤ ਦੇ ਭਲੇ ਵਾਲਾ ਪ੍ਰਬੰਧ ਸਿਰਜਣ ਲਈ 'ਬਾਗੀ ਜਾਂ ਬਾਦਸ਼ਾਹ' ਵਾਲੀ ਦ੍ਰਿੜਤਾ ਨਾਲ ਜੱਦੋ-ਜਹਿਦ ਕਰਦਾ ਹੈ।

ਖਾਲਸਾ ਪੰਥ ਦੀ ਜਿੰਮੇਵਾਰੀ ਹੈ ਕਿ ਜਰਵਾਣੇ ਦੀ ਭੱਖਿਆ-ਗਰੀਬ ਦੀ ਰੱਖਿਆ ਅਤੇ ਰੱਬੀ ਹੁਕਮ ਦੀਆਂ ਉਲੰਘਣਾਵਾਂ ਰੋਕਣ ਲਈ ਸਰਬੱਤ ਦੇ ਭਲੇ ਦੇ ਆਦਰਸ਼ ਉੱਤੇ ਅਧਾਰਤ ਸਮਾਜ-ਰਾਜ ਕਾਇਮ ਕਰਨ ਹਿਤ ਧਰਮ ਯੁਧ ਕਰੇ।

ਕਿਸੇ ਵੀ ਥਾਂ, ਕਿਸੇ ਵੀ ਕਾਲ, ਕਿਸੇ ਵੀ ਪਰਕਾਰ ਕਦੇ ਵੀ ਗੁਲਾਮੀ ਨਾ ਕਬੂਲਣ ਵਾਲੇ ਗੁਰਮੁਖਾਂ ਦਾ ਸਮਾਜ ਸਿਰਜਣਾ ਅਤੇ ਨਾਲ ਹੀ ਸਰਬੱਤ ਦੇ ਭਲੇ ਲਈ ਨਿਰੰਤਰ ਸੰਗਰਾਮ ਨਾਲ ਪੂਰਨ ਨਿਹਚਾ ਰੱਖਣਾ— ਸਾਡੇ ਧਰਮ ਯੁਧ ਦੀ ਨੀਂਹ ਹੈ ਤੇ ਇਹ ਕਿਸੇ ਵੀ ਉੱਸਰਣ ਵਾਲੇ ਖਾਲਸਾ ਰਾਜ ਦਾ ਬੁਨਿਆਦੀ ਢਾਂਚਾ ਹੈ। ਧਰਮ ਯੁਧ ਦਾ ਅਧਾਰ ਸਖਸ਼ੀ-ਸੰਗਤੀ ਰਹਿਤ, ਸ਼ਸਤਰ ਅਤੇ ਕੁਰਬਾਨੀ ਹੈ।

ਸਾਡਾ ਧਰਮ ਯੁਧ ਸਦੀਵ ਹੈ। ਸੰਗਰਾਮ ਦੀਆਂ ਵਿਧੀਆਂ ਅਤੇ ਅਮਲ ਆਪਣੇ ਆਪ ਵਿਚ ਮਿੱਥੇ ਨਿਸ਼ਾਨਿਆਂ ਦੀ ਪੂਰਤੀ ਦਾ ਸਾਧਨ ਮੰਨੇ ਜਾਂਦੇ ਹਨ, ਜਿਸ ਦਾ ਭਾਵ ਹੈ ਕਿ ਅੰਤਿਮ ਨਿਸ਼ਾਨੇ ਨੂੰ ਵਰਤਮਾਨ ਵਿਚ ਹੀ ਅਮਲ ਰਾਹੀਂ ਜੀਉਣਾ।

## ਧਰਮ ਯੁਧ ਦੀ ਰਣਨੀਤੀ

ਸਦੀਆਂ ਤੋਂ ਖਾਲਸਾ ਪੰਥ ਦਾ ਸੰਗਰਾਮ ਸੰਕੀਰਣ ਜਾਂ ਫਿਰਕੂ ਨਹੀਂ ਰਿਹਾ, ਸਗੋਂ ਸਾਂਝੀਵਾਲਤਾ ਅਧਾਰਤ ਨਿਆਂਪੂਰਨ ਸਮਾਜ-ਰਾਜ ਦੀ ਸਥਾਪਨਾ ਲਈ ਵਚਨਬੱਧ ਰਿਹਾ ਹੈ। ਖਾਲਸਾ ਪੰਥ ਦੇ ਜੁਝਾਰੂਆਂ ਅਤੇ ਸ਼ਹੀਦਾਂ ਨੇ ਹਰ ਕਿਸਮ ਦੇ ਜੁਲਮ ਨੂੰ ਖਤਮ ਕਰਨ ਅਤੇ ਖਾਲਸਾ ਪੰਥ ਦੀ ਪਾਤਸ਼ਾਹੀ ਨੂੰ ਸੀਮਿਤ ਕਰਨ ਵਾਲੇ ਹਰ ਯਤਨ ਦਾ ਡਟ ਕੇ ਵਿਰੋਧ ਕੀਤਾ ਹੈ।

ਇਹ ਸੰਗਰਾਮ ਸਿਰਫ ਸੱਤਾ ਵਿਚ ਆਪਣੀ ਥਾਂ ਬਣਾਉਣ ਲਈ ਨਹੀਂ, ਸਗੋਂ ਮਿਲ-ਬੈਠਣ ਦਾ ਨਵਾਂ ਤਰੀਕਾ ਸਥਾਪਿਤ ਕਰਨ ਲਈ ਹੈ, ਜਿਸ ਦੀ ਬੁਨਿਆਦ ਆਪਣੀ ਗਿਆਨ-ਪ੍ਰਣਾਲੀ ਅਤੇ ਕਦਰਾਂ-ਕੀਮਤਾਂ ਹੋਣ।

ਇੰਡੀਅਨ ਸਟੇਟ ਦੀ ਸਿਰਮੌਰਤਾ ਨੂੰ ਰੱਦ ਕਰਦਿਆਂ ਖਾੜਕੂ ਸਿੰਘਾਂ ਨੇ ਖਾਲਸਾ ਪੰਥ ਦੇ ਸੱਤਾ ਸਰੋਤਾਂ ਨੂੰ ਮੁੜ ਸੁਰਜੀਤ ਕੀਤਾ ਅਤੇ ਸ਼ਸਤਰ ਰੂਪੀ ਪੀਰਾਂ ਰਾਹੀਂ ਇਹਨਾਂ ਦੀ ਰਾਖੀ ਕੀਤੀ। ਸ਼ਹੀਦਾਂ ਨੇ ਅਕਾਲ ਸਿਮਰਨ ਅਤੇ ਦੁਨਿਆਵੀ ਸੰਗਰਾਮ ਨੂੰ ਅਮਲ ਰਾਹੀਂ ਇਕੱਠਾ ਕਰਕੇ ਵਿਖਾਇਆ ਅਤੇ ਅਖੌਤੀ ਮਾਡਰਨ ਫਲਸਫਿਆਂ ਵੱਲੋਂ ਥੋਪੀ ਅਧੂਰੀ ਪਛਾਣ ਨੂੰ ਰੱਦ ਕਰਕੇ ਗੁਰੂ ਪੰਥ ਨੂੰ ਜੀਵਨ ਦਾ ਕੇਂਦਰ ਬਣਾਇਆ।

ਦੱਖਣੀ ਏਸ਼ੀਆ ਉਭਰਦੇ ਵਿਸ਼ਵ ਰਾਜਸੀ ਪਰਬੰਧ ਵਿਚ ਵਧਦੀ ਹੋਈ ਕੇਂਦਰੀ ਅਹਿਮੀਅਤ ਹਾਸਲ ਕਰ ਰਿਹਾ ਹੈ ਅਤੇ ਹਿੰਦੂਤਵਾ ਦੀ ਹਿੰਸਕ ਰਾਜਨੀਤੀ ਪੂਰੇ ਇੰਡੀਆ ਭਰ ਵਿਚ ਕਰੋੜਾਂ ਲੋਕਾਂ ਨੂੰ ਵੱਖਰਾ ਅਤੇ ਬੇਗਾਨਾ ਕਰ ਰਹੀ ਹੈ। ਸੋ, ਮਸਲਾ ਇਹ ਨਹੀਂ ਰਹਿ ਗਿਆ ਕਿ ਇਸ ਖੇਤਰ ਵਿਚ ਰਾਜਨੀਤਕ ਬਦਲਾਅ ਆਵੇਗਾ ਜਾਂ ਨਹੀਂ—ਸਵਾਲ ਇਹ ਹੈ ਕਿ ਉਹ ਕਿਹੜੀਆਂ ਸ਼ਰਤਾਂ ਅਤੇ ਅਸੂਲਾਂ ’ਤੇ ਆਵੇਗਾ। ਇਸ ਲਈ ਇਹ ਅਤਿ ਆਵਸ਼ਕ ਹੈ ਕਿ ਖੁਦਮੁਖਤਿਆਰੀ ਅਤੇ ਇਨਸਾਫ ਦੇ ਅਸੂਲ ਇਸ ਖੇਤਰ ਦੇ ਭਵਿੱਖੀ ਰਾਜਨੀਤਕ ਢਾਂਚੇ ਦੀ ਬੁਨਿਆਦ ਬਣਨ—ਤਾਂ ਜੋ ਹਰ ਇਕ ਲਈ ਟਿਕਾਊ ਸਥਿਰਤਾ, ਸੁਰੱਖਿਆ ਅਤੇ ਖੁਸ਼ਹਾਲੀ ਯਕੀਨੀ ਬਣ ਸਕੇ। ਇਸ ਦਿਸ਼ਾ ਵਿਚ, ਅਸੀਂ ਉਹਨਾਂ ਸਾਰੇ ਪੀੜਤ ਲੋਕਾਂ ਅਤੇ ਅੰਦੋਲਨਾਂ ਨਾਲ ਇਕਜੁੱਟਤਾ ਅਤੇ ਸਹਿਯੋਗ ਬਣਾਉਣ ਲਈ ਵਚਨਬੱਧ ਹਾਂ ਜੋ ਬਿਪਰ ਇੰਡੀਅਨ ਸਾਮਰਾਜ ਦੇ ਮੰਨੂਵਾਦ, ਕੇਂਦਰੀਕ੍ਰਿਤ ਰਾਜਸੀ ਢਾਂਚੇ, ਕਾਰਪੋਰੇਟ ਪੂੰਜੀਵਾਦ ਤੇ ਹਿੰਦੂਤਵੀ ਨੈਸ਼ਲਿਜਮ ਆਦਿਕ ਗੁਲਾਮੀ ਦੇ ਫੰਦਿਆਂ ਨੂੰ ਹੋਰ ਪੀਡਾ ਕਰਨ ਦੇ ਅਮਲਾਂ ਦਾ ਵਿਰੋਧ ਕਰ ਰਹੇ ਹਨ—ਇਸ ਸਮਝ ਨਾਲ ਕਿ ਸਾਡਾ ਸੰਗਰਾਮ ਸਾਂਝਾ ਹੈ ਅਤੇ ਇਸਦੀ ਜਿੱਤ ਵੀ ਸਾਂਝੀ ਹੋਵੇਗੀ, ਸਰਬੱਤ ਦੇ ਭਲੇ ਦੇ ਅਸੂਲ ਅਨੁਸਾਰ।

ਖਾਲਸਾਈ ਰਵਾਇਤ ਅਨੁਸਾਰ ਧਰਮ ਯੁਧ ਦੇ ਸੰਗਰਾਮ ਵਿਚ ਅਪਣਾਈ ਜਾਣ ਵਾਲੀ ਰਣਨੀਤੀ ਦਾ ਦਾਇਰਾ ਬਹੁਤ ਵਿਸ਼ਾਲ ਹੈ। ਦਸਮੇਸ਼ ਪਿਤਾ ਜੀ ਜਫਰਨਾਮਾ ਵਿਚ ਯੁਧ ਦੀ ਰਣਨੀਤੀ ਬਾਬਤ ਫੁਰਮਾਨ ਕਰਦੇ ਹੋਏ ਆਖਦੇ ਹਨ “।ਚੁ ਕਾਰ ਅਜ ਹਮਹ ਹੀਲਤੇ ਦਰ ਗੁਜਸ਼ਤ।।ਹਲਾਲ ਅਸਤੁ ਬੁਰਦਨ ਬ ਸ਼ਮਸ਼ੇਰ ਦਸਤ।”। ਇਸ ਦਾਇਰੇ ਵਿਚ ਕੂਟਨੀਤਕ ਰਾਬਤੇ, ਰਾਜਸੀ ਚਿਠੀ-ਪਤਰ, ਰਾਜਸੀ ਜਲਸੇ, ਪਰਚਾਰ ਦੌਰੇ ਤੇ ਮੁਹਿੰਮਾਂ, ਪਰਤੀਕ ਮਾਤਰ ਸਰਗਰਮੀਆਂ, ਆਪਣੇ ਨਿਸ਼ਾਨੇ ਲਈ ਸਮਰਥਨ ਜੁਟਾਉਣ ਲਈ ਪੈਰਵਾਈ ਬੈਠਕਾਂ ਕਰਨੀਆਂ, ਰੋਸ ਤੇ ਵਿਰੋਧ ਮੁਜਾਹਰੇ ਕਰਨੇ, ਰਾਜਸੀ ਵਰਤਾਓ ਬੰਦ (ਬਾਇਕਾਟ) ਕਰਨਾ, ਸਿਵਲ ਨਾਫਰਮਾਨੀ ਤੋਂ ਹਥਿਆਰਬੰਦ ਜੰਗ ਤਕ ਫੈਲਿਆ ਹੋਇਆ ਹੈ।

ਸਮੇਂ, ਸਥਾਨ, ਸਮਰਥਾ ਤੇ ਲੋੜ ਅਨੁਸਾਰ ਸਿਖ ਇਹਨਾਂ ਵਿਚੋਂ ਕਿਸੇ ਇਕ ਜਾਂ ਸਾਰੀਆਂ ਰਣਨੀਤਕ ਪਹਿਲਕਦਮੀਆਂ ਨੂੰ ਅਪਣਾਅ ਸਕਦੇ ਹਨ।

### ਧਰਮ ਯੁਧ ਦੀ ਅਗਵਾਈ

ਦੁਨੀਆਵੀ ਪ੍ਰਬੰਧਾਂ ਵਿਚ ਅਗਵਾਈ ਦੇ ਉਭਾਰ ਦੇ ਆਮ ਤੌਰ ’ਤੇ ਦੋ ਪ੍ਰਚਲਿਤ ਰੂਪ ਵੇਖਣ ਨੂੰ ਮਿਲਦੇ ਹਨ। ਪਹਿਲਾ ਰੂਪ ਉਹ ਹੈ ਜਿਸ ਵਿਚ ਆਗੂ ਵੋਟਾਂ ਅਤੇ ਗਿਣਤੀ ਦੀ ਬਹੁਮਤ ਰਾਹੀਂ ਚੁਣੇ ਜਾਂਦੇ ਹਨ। ਦੂਜਾ ਰੂਪ ਉਹ ਹੈ ਜਿਸ ਵਿਚ ਆਗੂ ਨਿਰੋਲ ਸੰਗਰਾਮ, ਤਿਆਗ ਅਤੇ ਮੈਦਾਨੀ ਅਜਮਾਇਸ਼ ਰਾਹੀਂ ਉਭਰਦੇ ਹਨ, ਜਿੱਥੇ ਅਗਵਾਈ ਦੀ ਯੋਗਤਾ ਸਿਰਫ ਦਾਅਵਿਆਂ ਨਾਲ ਨਹੀਂ, ਸਗੋਂ ਅਮਲ ਅਤੇ ਕੁਰਬਾਨੀ ਨਾਲ ਸਾਬਤ ਹੁੰਦੀ ਹੈ।

ਧਰਮ ਯੁਧ ਦੀ ਅਗਵਾਈ ਕੋਈ ਸਧਾਰਣ ਰਾਜਨੀਤਕ ਪ੍ਰਬੰਧ ਦੀ ਉਪਜ ਨਹੀਂ ਹੋ ਸਕਦੀ। ਇਹ ਅਗਵਾਈ ਖਾਲਸਾਈ ਕਦਰਾਂ-ਕੀਮਤਾਂ—ਨਿਮਰਤਾ, ਨਿਰਭਉਤਾ, ਨਿਸ਼ਕਾਮ ਸੇਵਾ, ਗੁਰਮਤਿ ਅਨੁਸਾਰ ਜੀਵਨ ਅਤੇ ਸੱਚ ਲਈ ਅਡੋਲਤਾ—ਉੱਤੇ ਅਧਾਰਤ ਹੋਣੀ ਲਾਜਮੀ ਹੈ। ਇਸ ਲਈ ਧਰਮ ਯੁਧ ਦੀ ਆਗੂ ਜਮਾਤ ਓਹੀ ਹੋ ਸਕਦੀ ਹੈ ਜੋ ਨਿਰੋਲ ਖਾਲਸਾਈ ਸੰਗਰਾਮ ਦੀ ਜਾਮਨ ਹੋਵੇ ਅਤੇ ਗੁਰਸਿਖੀ ਦੇ ਅਮਲ, ਸੰਗਤ ਦੀ ਸੇਵਾ ਅਤੇ ਸੱਚ ਦੀ ਰਾਖੀ ਵਿਚ ਪਰਖੀ ਹੋਈ ਹੋਵੇ।

# ਬਿਪਰ ਇੰਡੀਅਨ ਸਾਮਰਾਜ ਬਨਾਮ ਗੁਰੂ ਖਾਲਸਾ ਪੰਥ

### ੧੯੪੭ ਵਿਚ ਬ੍ਰਿਟਿਸ਼ ਇੰਡੀਆ ਦਾ ਬਿਪਰ ਇੰਡੀਆ ਰੂਪ ਧਾਰਨ ਕਰਨਾ

ਇਸ ਬਸਤੀਵਾਦੀ ਵਿਸ਼ਾਲ ਖਿਤੇ ਦੇ ੧੯੪੭ ਮੌਕੇ ਹੋਏ ਸਤਾ ਦੇ ਤਬਾਦਲੇ ਨੂੰ ਸਭ ਦੇਸ਼, ਕੌਮਾਂ, ਮਤਿ-ਮਜ੍ਹਬਾਂ ਦੀ “ਅਜ਼ਾਦੀ” ਪਰਚਾਰ ਕੇ ਮਨਾਇਆ ਗਿਆ ਪਰ ਇਹ ਇਕ ਤਲਖ ਹਕੀਕਤ ਹੈ ਕਿ ਇਸ ਸੱਤਾ-ਤਬਾਦਲੇ ਨਾਲ ਸਿਰਫ ਹਾਕਮ ਬਦਲਿਆ ਪਰ ਇਸ ਖਿੱਤੇ ਵਿਚ ਬਸਤੀਵਾਦੀ ਸ਼ਾਸਨ (ਕਲੋਨੀਅਲ ਪ੍ਰੋਜੈਕਟ) ਖਤਮ ਨਹੀਂ ਹੋਇਆ।

੧੯੪੭ ਵਿਚ ਇੰਡੀਅਨ ਨੈਸ਼ਨਲ ਕਾਂਗਰਸ ਦੀ ਅਗਵਾਈ ਵਿਚ ਬਿਪਰ ਇੰਡੀਅਨ ਨੈਸ਼ਨਲਿਸਟਾਂ ਨੇ ਪੂਰਾ ਜੋਰ ਲਾ ਕੇ ਇਹ ਯਕੀਨੀ ਬਣਾਇਆ ਕਿ ਇਸ ਖਿੱਤੇ ਵਿਚ ਸਰਕਾਰ ਬਦਲ ਜਾਵੇ ਤੇ ਸਿਆਸੀ ਤਾਕਤ ਫਿਰੰਗੀ ਤੋਂ ਬਾਅਦ ਉਹਨਾ ਦੇ ਹੱਥ ਵਿਚ ਆ ਜਾਵੇ ਪਰ ਰਾਜ-ਤੰਤਰ ਦਾ ਢਾਂਚਾ, ਸਟੇਟ ਦੇ ਜਬਰ ਦੇ ਤੰਤਰ ਅਤੇ ਇਸ ਦੇ ਚਰਿੱਤਰ ਵਿਚਲੇ ਬੁਨਿਆਦੀ ਬਸਤੀਵਾਦੀ ਤੱਤ ਉਸੇ ਤਰ੍ਹਾਂ ਬਰਕਰਾਰ ਰਹਿਣ ਭਾਵ ਬ੍ਰਿਟਿਸ਼ ਇੰਡੀਆ ਬਿਪਰ ਇੰਡੀਆ ਬਣ ਜਾਏ।

### ਬਿਪਰ[2] ਇੰਡੀਅਨ ਸਾਮਰਾਜ ਦਾ ਖਾਸਾ

ਸੋ ਇਸ ਉਪਰੋਕਤ ਵਿਚਾਰ ਤੋਂ ਅਸੀਂ ੧੫ ਅਗਸਤ ੧੯੪੭ ਨੂੰ ਹੋਂਦ ਵਿਚ ਆਏ ਬਿਪਰ ਇੰਡੀਅਨ ਸਾਮਰਾਜ ਬਾਰੇ ਇਹ ਮਾਨਤਾ ਰਖਦੇ ਹਾਂ ਕਿ ਇੰਡੀਅਨ ਸਟੇਟ ਅਖੌਤੀ ਮਾਡਰੈਨਿਟੀ ਤੇ ਮੰਨੂੰਸਮ੍ਰਿਤੀ ਦੇ ਫਲਸਫੇ ਉੱਤੇ ਅਧਾਰਤ ਹੈ।

ਇਹ ਬੁਨਿਆਦੀ ਤਾਸੀਰ ਪਖੋਂ ਰਾਜਤੰਤਰ ਨੂੰ ਸਿਰਮੌਰ ਮੰਨਣ ਵਾਲਾ, ਹਿੰਦੂਤਵੀ ਰਾਸ਼ਟਰਵਾਦੀ, ਬਸਤੀਵਾਦੀ ਸਾਮਰਾਜ ਹੈ।

ਬਿਰਤੀ ਪਖੋਂ ਜਨੂੰਨੀ ਸੰਪਰਦਾਇਕ, ਬਿਪਰ ਸਰਵਸਰੇਸ਼ਟਵਾਦੀ, ਹੋਰਾਂ ਨੂੰ ਬੇਦਖਲ ਕਰਨ, ਕਤਲੇਆਮ ਦੀ ਭਾਵਨਾ ਰਖਣ ਵਾਲੀ ਭਾਵ ਫਾਸੀਵਾਦੀ ਹੈ। ਰਾਜਸੀ ਸਤਾ ਦੀ ਪਰਣਾਲੀ ਪਖੋਂ ਤਾਨਾਸ਼ਾਹ ਵਿਹਾਰਕ ਲਛਣ ਵਾਲਾ, ਪਰਸ਼ਾਸਨਕ ਪਰਣਾਲੀ ਪਖੋਂ ਕੇਂਦਰੀਕ੍ਰਿਤ ਦਰਜਾਬੰਦ ਅਫਸਰਸ਼ਾਹੀ ਵਾਲਾ ਅਤੇ ਅਰਥਚਾਰਕ ਪਰਣਾਲੀ ਪਖੋਂ ਕਾਰਪੋਰੇਟ ਪੂੰਜੀਵਾਦੀ ਸਾਮਰਾਜ ਹੈ।

ਭੂਗੋਲ ਰਾਜਸੀ ਇਲਾਕੇ (ਟੈਰੀਟਰੀ) ਪਖੋਂ ਬਿਪਰ ਇੰਡਿਆ ਇਕ ਮੁਲਕ ਨਹੀਂ ਹੈ ਸਗੋਂ ਸ੍ਰੀ ਅੰਮ੍ਰਿਤਸਰ ਐਲਾਨਨਾਮੇ ਦੀ ਮਾਨਤਾ ਅਨੁਸਾਰ ਬਹੁਤ ਸਾਰੇ ਮੁਲਕਾਂ ਦਾ ਨੂੜਿਆ ਹੋਇਆ ਉਪਮਹਾਂਦੀਪ ਰੂਪੀ ਇਕ ਬਸਤੀਵਾਦੀ ਸਾਮਰਾਜ ਹੈ।

# ਗੁਰੂ ਖਾਲਸਾ ਪੰਥ ਦੀ ਬਿਪਰ ਇੰਡੀਆ ਸਾਮਰਾਜ ਨਾਲ ਜੰਗ ਦਾ ਬੁਨਿਆਦੀ ਕਾਰਨ

### ਸੰਗਰਾਮ ਦਾ ਸਿਧਾਂਤਕ ਤੇ ਸੰਸਥਾਗਤ ਅਧਾਰ

ਵਰਤਮਾਨ ਹਿੰਦੂਤਵੀ ਸਮਾਜ ਮਨੂੰ ਸਿਮਰਤੀ ਦੇ ਸਿਧਾਂਤ 'ਤੇ ਵੱਖ-ਵੱਖ ਵਰਣਾਂ ਤੇ ਜਾਤਾਂ ਦੀ ਉਚਤਾ, ਦਰਜਾਬੰਦੀ, ਬੇਦਖਲੀ ਤੇ ਹਿੰਸਾ ਉੱਤੇ ਅਧਾਰਤ ਹੈ। ਇਸ ਲਈ ਬਿਪਰਵਾਦੀ ਸਮਾਜਕ ਸਿਧਾਂਤ ਨਾਬਰਾਬਰੀ ਅਤੇ ਅਨਿਆ ਉੱਪਰ ਖੜ੍ਹਾ ਹੈ।

ਵਰਤਮਾਨ ਬਿਪਰ ਇੰਡੀਅਨ ਸਾਮਰਾਜ ਦਾ ਰਾਜਸੀ ਸਿਧਾਂਤ ਮਾਡਰੈਨਿਟੀ ਦੇ ਫਲਸਫੇ 'ਤੇ ਅਧਾਰਤ ਹੈ, ਜਿਸ ਦੀਆਂ ਪੰਜ ਮਾਨਤਾਵਾਂ ਹਨ—ਲੌਕਿਕ ਮੰਡਨ ਤੇ ਪਰਾਲੌਕਿਕ ਦੇ ਖੰਡਨ ਦੀ, ਰਾਜਤੰਤਰ ਦਾ ਸਤਾ ਤੇ ਜੰਗ ਦੇ ਸਾਧਨਾਂ 'ਤੇ ਏਕਾਅਧਿਕਾਰ, ਮਨੁੱਖੀ ਸਹੂਲਤ ਲਈ ਕੁਦਰਤੀ ਸਰੋਤਾਂ ਦੇ ਸ਼ੋਸ਼ਣ ਦੀ ਖੁਲ, ਖਾਸ ਵਿਚਾਰਧਾਰਾ ਦੀ ਉਚਤਾ ਅਤੇ ਵਿਚਾਰਧਾਰਕ ਇਕਸਾਰਤਾ। ਇਸ ਦੀਆਂ ਸਮਾਜਕ ਤੇ ਰਾਜਸੀ ਪਰਣਾਲੀਆਂ ਇੰਦਰਿਆਵੀ ਗਿਆਨ ਤੇ ਹਉਮੈ ਅਧਾਰਤ ਸਿਰਫ ਹਲਤ ਦੇ ਦਾਇਰੇ ਦੀਆਂ ਹਨ।

ਜਦਕਿ ਸਮਾਜ ਦਾ ਗੁਰਮਤਿ ਸਿਧਾਂਤ "ਬੇਗਮਪੁਰਾ" ਅਤੇ ਰਾਜ ਦਾ ਸਿਧਾਂਤ "ਹਲੇਮੀ ਰਾਜ" ਗੁਰੂ ਲਿਵ 'ਤੇ ਅਧਾਰਤ ਹੋ ਕੇ ਇਕੋ ਸਮੇਂ ਹਲਤ ਤੇ ਪਲਤ ਦੇ ਦਾਇਰਿਆਂ ਵਿਚ ਵਿਚਰਦਾ ਹੈ।

੧੯੫੦ ਵਿਚ ਨਵਾਂ ਸੰਵਿਧਾਨ ਬਣਾਉਂਦੇ ਸਮੇਂ ਬਿਪਰ ਇੰਡੀਆ ਵੱਲੋਂ ਗੁਰਮਤਿ ਦੀ ਨਿਆਰੀ ਵਿਸ਼ਵ ਦਰਿਸ਼ਟੀ ਅਤੇ ਗੁਰੂ ਖਾਲਸਾ ਪੰਥ ਦੀ ਸੁਤੰਤਰ ਸਾਂਝੀ ਪੰਥਕ ਹੋਂਦ ਨੂੰ ਮੰਨਣ ਤੋਂ ਨਾਂਹ ਕਰ ਦਿੱਤੀ ਗਈ।

---

[2]ਬਿਪਰ-ਸੰਸਕਾਰ ਮਨੁੱਖ ਦੀ ਧਰਮ-ਅਨੁਭੂਤੀ ਦੇ ਨਿਰਾਕਾਰ ਅਤੇ ਸਥੂਲ ਖੇਤਰਾਂ ਥੀਂ ਵਿਚਰਦੀ ਅਜਿਹੀ ਨਿਸ਼ੇਧ ਪ੍ਰਕ੍ਰਿਆ ਹੈ,ਜਿਹੜੀ ਇਕੋ ਸਮੇਂ ਵਿਅਕਤੀ ਅਤੇ ਜਾਤੀ ਦੀ ਲਿਵ-ਨਿਰੰਤਰਤਾ ਨੂੰ ਰੱਬੀ ਮਿਹਰ ਅਤੇ ਰੱਬੀ ਹੁਕਮ ਦੀ ਵਿਸ਼ਾਲਤਾ ਨਾਲੋਂ ਤੋੜਦੀ ਹੋਈ ਕੇਵਲ ਮਨੁੱਖ ਦੀ ਇੰਦ੍ਰਿਆਵੀ ਅਨੁਭਵ ਵਿਚੋਂ ਉਪਜਣ ਵਾਲੀ ਗਿਆਨ-ਹਉਮੈ ਦੇ ਅਧੀਨ ਕਰ ਦਿੰਦੀ ਹੈ। ਮਨੁੱਖ ਦੀ ਲਿਵ ਮਹਾਂ ਕਾਵਿਕ ਸ਼ਾਨ ਤੋਂ ਸੱਖਣੇ ਪਦਾਰਥਾਂ ਸੁਆਦ, ਖਿਆਲੀ ਉਤਾਰ-ਚੜ੍ਹਾਵਾਂ ਦੀ ਲੀਲ੍ਹਾ ਅਤੇ ਉਪਰਪ੍ਰਕ੍ਰਿਤਕ ਖੇਡਾਂ ਦੀ ਲਾਲਸਾ ਅਤੇ ਉਹਨਾਂ ਦੀ ਪ੍ਰਾਪਤੀ ਲਈ ਸੋਚੇ ਢੰਗਾਂ ਨੂੰ ਮਨੁੱਖ ਦਾ ਇਸ਼ਟ ਬਣਾ ਦਿੰਦੀ ਹੈ। ਜਿਉਂ ਹੀ ਉਚੀ ਸੁਰਤਿ ਨੂੰ ਜਨਮ ਦੇਣ ਵਾਲੀ ਰੱਬੀ ਸਿਦਕ ਦੀ ਵਿਸ਼ੇਸ਼ ਦਿਮਾਗੀ ਸ਼ਕਤੀ ਸੀਮਤ ਗਿਆਨ-ਹਉਮੈ ਵਿਚ ਬਦਲਦੀ ਹੈ, ਤਿਉਂ ਹੀ ਇਨਸਾਨੀ ਖਿਆਲ ਅਤੇ ਅਮਲ ਤੇਜ਼ੀ ਨਾਲ ਬੁੱਤ ਵੱਲ ਵਧਦੇ ਹਨ। ਮਨੁੱਖੀ ਭਾਈਚਾਰੇ ਵਿਚੋਂ ਡੂੰਘੇ ਸ਼ੁਕਰ ਦੀ ਖੂਬਸੂਰਤੀ ਟੁੱਟ ਜਾਂਦੀ ਹੈ, ਅਤੇ ਲੈਣ-ਦੇਣ ਦੀ ਬਿਰਤੀ ਦਿਸਦੇ ਅਤੇ ਅਣਦਿਸਦੇ ਬੁੱਤ ਸਾਜਣੇ ਸ਼ੁਰੂ ਕਰ ਦਿੰਦੀ ਹੈ; ਕਿਰਦਾਰ ਇਕ ਮਲੀਨ ਖਾਲੀਪਨ ਵਿਚ ਲਟਕਣਾ ਸ਼ੁਰੂ ਹੋ ਜਾਂਦਾ ਹੈ, ਅਤੇ ਸਤਿਕਾਰੀਆਂ ਅਤੇ ਪਰਵਾਣਤ ਕੀਮਤਾਂ ਅਸ਼ਲੀਲ ਕਪਟ ਵਿਚ ਡੁੱਬ ਜਾਂਦੀਆਂ ਹਨ।
ਬਿਪਰ-ਸੰਸਕਾਰ ਦੇ ਬਹੁਤ ਸਾਰੇ ਰੂਪ ਹੋ ਸਕਦੇ ਹਨ: ਸਿਖ-ਰੂਪ, ਮੁਸਲਮਾਨੀ ਰੂਪ, ਈਸਾਈ ਰੂਪ, ਬੋਧੀ ਰੂਪ, ਹਿੰਦੂ ਰੂਪ ਆਦਿ, ਪਰ ਇਹਨਾਂ ਸਭ ਰੂਪਾਂ ਦਾ ਕੇਂਦਰੀ ਬਿੰਬ ਬਿਪਰ-ਸੰਸਕਾਰ ਦੇ ਹਿੰਦੂ-ਰੂਪ ਵਿਚ ਹੀ ਸਥਾਪਤ ਹੈ। ਹਿੰਦੂ ਧਰਮ ਉੱਤੇ ਉਸਰੀ ਜੀਵਨ-ਜਾਂਚ ਅਤੇ ਇਸ ਦੇ ਪ੍ਰਧਾਨ ਧਰਮ ਗ੍ਰੰਥ ਬਿਪਰ-ਸਸੰਸਕਾਰ ਦਾ ਮੂਲ ਨਿਵਾਸ ਹਨ, ਉਸ ਦੀ ਪ੍ਰਫੁਲਤਾ ਦੇ ਅਸਲ ਮਦਦਗਾਰ ਹਨ, ਅਤੇ ਉਸ ਦਾ ਵਿਸ਼ੇਸ਼ ਰੂਪ ਸਥਾਪਤ ਕਰਨ ਦੀ ਜ਼ੁੰਮੇਵਾਰੀ ਨਿਭਾਉਂਦੇ ਹਨ।

ਬਿਪਰ ਦੀ ਸਾਮਰਾਜੀ ਬਿਰਤੀ, ਬਹੁਗਿਣਤੀ ਵੋਟ-ਤੰਤਰ, ਨੈਸ਼ਨਲਿਜਮ ਤੇ ਪੂੰਜੀਵਾਦ ਦੇ ਪ੍ਰਭਾਵ ਕਾਰਨ ਗੁਰੂ ਖਾਲਸਾ ਪੰਥ ਦੀ ਨਿਆਰੀ ਤੇ ਸੁਤੰਤਰ ਹੋਂਦ ਉੱਤੇ ਹਮਲੇ ਹੋਰ ਤਿੱਖੇ ਹੋਏ। ਇਸ ਸਥਿਤੀ ਨੂੰ ਨਜਿੱਠਣ ਲਈ ਸਿਖ ੧੯੫੦ਵਿਆਂ ਤੋਂ ਹੀ ਵਾਜਬ ਢੰਗਾਂ ਨਾਲ ਸੰਗਰਾਮ ਰਾਹੀਂ ਅਜਾਦ ਹੋਣ ਲਈ ਦ੍ਰਿੜ ਸੰਕਲਪ ਰਹੇ ਹਨ, ਤਾਂ ਕਿ ਸਵੈਮਾਣ ਤੇ ਅਣਖ ਨਾਲ ਜੀਉ ਸਕਣ ਅਤੇ ਸੰਸਾਰ ਦੇ ਇਤਿਹਾਸ ਵਿਚ ਯੋਗਦਾਨ ਪਾ ਸਕਣ।

ਗੁਰਮਤਿ ਦੀ ਵਿਸ਼ਵ ਦਰਿਸ਼ਟੀ ਨੂੰ ਲਾਗੂ ਕਰਨ ਅਤੇ ਪੰਥਕ ਹੋਂਦ ਦੇ ਜਨਮ-ਸਿੱਧ ਅਧਿਕਾਰ ਨੂੰ ਦ੍ਰਿੜ ਕਰਨ ਲਈ ਦੇਸ਼-ਕਾਲ ਅਤੇ ਸੰਪੂਰਨ ਸਤਾ ਆਪਣੇ ਹੱਥ ਵਿਚ ਰੱਖਣ ਅਤੇ ਆਪਣਾ ਸੰਵਿਧਾਨ ਆਪ ਸਿਰਜਣ ਦੀ ਹੈਸੀਅਤ ਪ੍ਰਾਪਤ ਕਰਨੀ ੧੮੪੯ ਤੋਂ ਬਾਅਦ ਲੜੇ ਗਏ ਸਿਖ ਸੰਗਰਾਮਾਂ ਦੀ ਅੰਤਰੀਵ ਭਾਵਨਾ ਰਹੀ ਹੈ।

ਇਸ ਲਈ ਬਿਪਰ ਇੰਡੀਆ ਸਾਮਰਾਜ ਅਤੇ ਗੁਰੂ ਖਾਲਸਾ ਪੰਥ ਦਾ ਟਕਰਾਅ ਉਦੋਂ ਤਕ ਜਾਰੀ ਰਹੇਗਾ ਜਦੋਂ ਤਕ ਬਿਪਰ ਦੀ ਰੀਤ ਤੇ ਪੱਛਮੀ ਖਿਆਲ ’ਤੇ ਅਧਾਰਤ ਢਾਂਚਿਆਂ ਨੂੰ ਸੋਧ ਕੇ (ਖਤਮ ਕਰਕੇ) ਸਰਬੱਤ ਦੇ ਭਲੇ ਵਾਲੇ ਢਾਂਚਿਆਂ ਵਿਚ ਤਬਦੀਲ ਨਹੀਂ ਕਰ ਲਿਆ ਜਾਂਦਾ।

# ਪਿਛਲੇ ੪੦ ਸਾਲਾਂ ਵਿਚ ਬਿਪਰ ਇੰਡੀਅਨ ਸਟੇਟ ਦੇ ਹਮਲੇ: ਪ੍ਰਕ੍ਰਿਤੀ, ਪ੍ਰਭਾਵ ਅਤੇ ਪੈਂਤੜਾ

## ਪ੍ਰਕ੍ਰਿਤੀ ਅਤੇ ਪ੍ਰਭਾਵ

੧੯੮੪ ਤੋਂ ਬਾਅਦ ਸਟੇਟ ਦੀਆਂ ਫੋਰਸਾਂ ਨੇ ਸਿਰਫ ਜੁਝਾਰੂਆਂ ਨੂੰ ਹੀ ਨਹੀਂ, ਸਗੋਂ ਆਮ ਨੌਜਵਾਨਾਂ, ਬਜ਼ੁਰਗਾਂ, ਬੀਬੀਆਂ ਅਤੇ ਬੱਚਿਆਂ ਨੂੰ ਵੀ ਨਸਲਕੁਸ਼ੀ ਤੇ ਅੰਨ੍ਹੇ ਤਸ਼ਦਦ ਦਾ ਨਿਸ਼ਾਨਾ ਬਣਾਇਆ। ਲੋਕਾਂ ਵਿਚ ਡਰ ਅਤੇ ਦਾਬਾ ਬਣਾਉਣ ਲਈ ਹਰ ਪਿੰਡ ਤੇ ਰਾਹ-ਬਾਟੇ ਲੋਕਾਂ ਨੂੰ ਅਕਾਰਨ ਹੀ ਬੇਇਜ਼ਤ ਕੀਤਾ ਗਿਆ, ਠਾਣਿਆਂ ਵਿਚ ਤਸ਼ੱਦਦ ਕੀਤਾ ਗਿਆ, ਸਿਖ ਜੁਝਾਰੂਆਂ ਦੇ ਸਿਰਾਂ ਦੇ ਮੁੱਲ ਰੱਖੇ ਗਏ, ਝੂਠੇ ਪੁਲਿਸ ਮੁਕਾਬਲੇ ਬਣਾਏ ਗਏ ਅਤੇ ਕਈਆਂ ਨੂੰ ਸਦਾ ਲਈ ਜਬਰੀ ਲਾਪਤਾ ਕਰ ਦਿੱਤਾ ਗਿਆ।

ਮੁਗਲ ਸਾਮਰਾਜ ਦੇ ਜਮਾਨੇ ਤੋਂ ਅੱਜ ਤਕ ਦਿਲੀ ਹਕੂਮਤ ਦੀ ਖਾਲਸਾ ਜੀਓ ’ਤੇ ਹਮਲੇ ਦੀ ਕਾਰਜਪਰਣਾਲੀ ਇਹ ਰਹੀ ਹੈ ਕਿ ਸਿਖਾਂ ਦੇ ਹਰ ਇਕ ਉਭਾਰ ਨੂੰ ਜਬਰ ਨਾਲ ਦਬਾਇਆ ਜਾਵੇ। ਪਰ ੧੮੪੯ ਤੋਂ ਬਾਅਦ ਬ੍ਰਿਟਿਸ਼ ਇੰਡੀਅਨ ਸਾਮਰਾਜ ਤੇ ਫਿਰ ੧੯੪੭ ਤੋਂ ਬਿਪਰ ਇੰਡੀਅਨ ਸਾਮਰਾਜ ਨੇ ਸਰੀਰ ਨੂੰ ਮਾਰਨ ਦੀ ਨੀਤੀ ਦੇ ਨਾਲ-ਨਾਲ ਜਮੀਰ ਨੂੰ ਮਾਰਨ ਦੀ ਨੀਤੀ ਉੱਤੇ ਚਲਦਿਆਂ ਗੁਰਮਤਿ ਅਧਾਰਤ ਅਗਵਾਈ ਦੇਣ ਦੇ ਸਮਰੱਥ ਸਿਖ ਸੰਸਥਾਨਾਂ ਨੂੰ ਕਮਜੋਰ ਤੇ ਖਤਮ ਕਰਨ ਅਤੇ ਸਾਡੇ ਸਮਾਜਕ ਢਾਂਚਿਆਂ ਨੂੰ ਇਸ ਤਰ੍ਹਾਂ ਬਦਲਣ ਲਈ ਮੁਹਿੰਮਾਂ ਚਲਾਈਆਂ ਤਾਂ ਕਿ ਸਿਖ ਕਿਸੇ ਵੀ ਤਰ੍ਹਾਂ ਦੇ ਉਭਾਰ ਜਾਂ ਜਬਰ ਦਾ ਵਿਰੋਧ ਕਰਨ ਦੇ ਸਮਰੱਥ ਨਾ ਰਹਿਣ। ਇਸ ਨੀਤੀ ਤਹਿਤ ਸਭ ਤੋਂ ਪਹਿਲਾਂ ਗੁਰਮਤਿ ਦੀ ਵਿਆਖਿਆ ਅਖੌਤੀ ਮਾਡਰਨ (ਲੌਕਿਕ ਉਚਤਾ) ਫਲਸਫੇ ਦੇ ਨਜਰੀਏ ਤੋਂ ਕੀਤੀ ਗਈ। ਇਸ ਨੀਤੀ-ਅਮਲ ਦਾ ਸਭ ਤੋਂ ਘਾਤਕ ਨਤੀਜਾ ਮੌਲਿਕ ਗੁਰਮਤਿ ਪਰਣਾਲੀਆਂ ਤੇ ਜੁਗਤ ’ਤੇ ਅਧਾਰਤ ਸਿਖ ਸੰਸਥਾਨਾਂ ਤੇ ਜਥੇਬੰਦੀਆਂ ਦੇ ਕਮਜ਼ੋਰ ਹੋਣ, ਟੁੱਟਣ ਅਤੇ ਸਿਖ ਰਾਜਨੀਤੀ ਦੇ ਦੁਨੀਆਦਾਰੀਕਰਨ (ਭਾਵ ਰਾਜਨੀਤੀ ਉੱਤੇ ਧਰਮ ਦੇ ਕੁੰਡੇ ਦੇ ਟੁੱਟਣ) ਦੇ ਰੂਪ ਵਿਚ ਨਿੱਕਲਿਆ। ੧੮੪੯ ਵਿਚ ਸ਼ੁਰੂ ਹੋਇਆ ਇਹ ਅਮਲ ੧੯੯੦ਵਿਆਂ ਇਕ ਨਵੇਂ ਮਾਰੂ ਪੱਧਰ ਤੱਕ ਪਹੁੰਚ ਗਿਆ।

੧੯੮੪ ਤੋਂ ਬਾਅਦ ਅਗਵਾਈ ਦੀ ਇਕ ਪੂਰੀ ਪੀੜ੍ਹੀ ਖਤਮ ਕਰ ਦਿੱਤੀ ਗਈ, ਜੇਲ੍ਹਾਂ ਵਿਚ ਡੱਕੀ ਗਈ ਜਾਂ ਬੇਵਤਨ ਕਰ ਦਿੱਤੀ ਗਈ। ਪੰਥਕ ਅਗਵਾਈ ਦੀ ਪੀੜ੍ਹੀ ਖਤਮ ਕਰਨ ਤੋਂ ਬਾਅਦ ਅਜਿਹਾ ਮਹੌਲ ਸਿਰਜਿਆ ਗਿਆ ਜਿਸ ਵਿਚ ਖਾਲਸਾ ਰਾਜ ਦੀਆਂ ਖਾਹਿਸ਼ਾਂ ਦੇ ਪ੍ਰਗਟਾਵੇ ਨੂੰ ਦਬਾਇਆ ਜਾ ਸਕੇ। ਨਕਲੀ ਸਿਖ ਆਗੂਆਂ ਦੀ ਥਾਪਣਾ ਦੀ ਰਣਨੀਤੀ ਤਹਿਤ ਰਵਾਇਤੀ ਅਕਾਲੀ ਪਾਰਟੀਆਂ ਦੀ ਸਟੇਟ ਨਾਲ ਰਲੀ ਸਿਆਸੀ ਲੀਡਰਸ਼ਿਪ ਨੂੰ ਥੋਪਿਆ ਗਿਆ, ਜਿਸ ਨੇ ਫੋਕੇ ਨਾਹਰਿਆਂ ਅਤੇ ਸਿਆਸੀ ਡਰਾਮੇਬਾਜੀ ਰਾਹੀਂ ਅਸਲ ਪੰਥਕ ਰਾਜਨੀਤੀ ਦੇ ਉਭਾਰ ਨੂੰ ਰੋਕਣ ਵਿਚ ਭੂਮਿਕਾ ਨਿਭਾਈ। ਇਸ ਦੇ ਨਾਲ ਗੈਰ-ਸਿਆਸੀ ਪੰਜਾਬੀ ਪਛਾਣ ਨੂੰ ਸਿਖ ਰਾਜਨੀਤੀ ਦੇ ਬਦਲ ਵਜੋਂ ਉਭਾਰਿਆ ਗਿਆ।

ਰਾਜਸੀ ਕੁਰਾਹੇ ਲਈ ਝੂਠੇ ਬਿਰਤਾਂਤ ਘੜਨ ਦੀ ਰਣਨੀਤੀ ਤਹਿਤ ੧੯੯੦ਵਿਆਂ ਦੇ ਅੱਧ ਵਿਚ ‘ਅਮਨ ਤੇ ਸੁਲਾਹ’ ‘ਕਾਲਾ ਦੌਰ’ ਅਤੇ ‘ਵਿਕਾਸ’ ਦੇ ਬਿਰਤਾਂਤ ਨੂੰ ਉਭਾਰ ਕੇ ਸਿਖ ਮਨ ਦੀ ਬਗਾਵਤ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਗਈ। ਬਾਦਲ-ਭਾਜਪਾ ਦੇ ਖੁਦਗਰਜ਼ ਸਹੂਲਤ ਦੇ ਵੋਟ-ਗਠਜੋੜ ਨੂੰ ‘ਹਿੰਦੂ ਸਿਖ ਏਕਤਾ’ ਦੇ ਨਾਮ ਹੇਠ ਪਰਚਾਰ ਕੇ ਸਰਬੱਤ ਦੇ ਭਲੇ ਦੇ ਸਿਖ ਸੰਗਰਾਮ ਦੀ ਸਾਖ ਨੂੰ ਢਾਅ ਲਾਉਣ ਦੇ ਯਤਨ ਕੀਤੇ ਗਏ। ਇਸ ਦੌਰ ਵਿਚ ਸੱਤਾ ਅਤੇ ਧਨ ਕੁਝ ਪਰਿਵਾਰਾਂ ਦੇ ਹੱਥਾਂ ਵਿਚ ਕੇਂਦਰਿਤ ਹੋਇਆ ਤੇ ਇੰਝ ਇਕ ਨਵਾਂ ਰਾਜਸੀ ਕੁਲੀਨ ਵਰਗ ਬਣ ਗਿਆ। ਇਸ ਮੁਹਿੰਮ ਰਾਹੀਂ ਡਰ ਅਤੇ ਨਿਰਾਸ਼ਾ ਦਾ ਮਹੌਲ ਬਣਾਇਆ ਗਿਆ ਅਤੇ ‘ਅਮਨ-ਸ਼ਾਂਤੀ’ ਤੇ ‘ਕਾਲਾ ਦੌਰ’ ਵਰਗੇ ਬਿਰਤਾਂਤਾਂ ਨੂੰ ਹਾਵੀ ਕੀਤਾ ਗਿਆ।

ਜੰਗ-ਏ-ਅਜਾਦੀ ਦੇ ਆਗੂਆਂ ਅਤੇ ਸਮਰਥਕਾਂ ਉੱਤੇ ਜਬਰ ਦੇ ਨਾਲ-ਨਾਲ ਜੰਗ ਦੀ ਵਿਰਾਸਤ ਨੂੰ ਖਲਨਾਇਕੀਕਰਨ ਰਾਹੀਂ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਗਈ। ਜੰਗ ਦੇ ਨਿਸ਼ਾਨਿਆਂ, ਰਣਨੀਤੀਆਂ ਅਤੇ ਆਗੂਆਂ ਉੱਤੇ ਚਿੱਕੜ ਉਛਾਲ ਕੇ ਉਹਨਾਂ ਦੀ ਛਵੀ ਖਰਾਬ ਕਰਨ ਅਤੇ ਸ਼ਹੀਦਾਂ ਦੀ ਵਿਰਾਸਤ ਨੂੰ ਧੁੰਦਲਾ ਕਰਨ ਦੇ ਯਤਨ ਕੀਤੇ ਗਏ। ਇਹ ਅਮਲ ਅੱਜ ਤੱਕ ਜਾਰੀ ਹੈ ਅਤੇ ਖਾਸ ਕਰਕੇ ਸੋਸ਼ਲ ਮੀਡੀਆ ਰਾਹੀਂ ਹੋਰ ਤੇਜ਼ ਹੋਇਆ ਹੈ।

ਮਤਿ ਤੇ ਮਨ ਨੂੰ ਕਾਬੂ ਕਰਨ ਲਈ ਭੋਗਵਾਦੀ ਸਭਿਆਚਾਰਕ ਹਮਲੇ ਦੀ ਰਣਨੀਤੀ ਤਹਿਤ ਰਾਜਨੀਤਕ ਜਬਰ ਦੇ ਨਾਲ-ਨਾਲ ਸਮਾਜਕ ਪੱਧਰ ’ਤੇ ਨੌਜਵਾਨ ਪੀੜ੍ਹੀ ਦੀ ਉਦਮ, ਸੰਜਮ, ਸੂਰਬੀਰਤਾ, ਸਵੈਮਾਣ ਤੇ ਉਚੇ ਨੈਤਿਕ ਗੁਣਾਂ ਵਾਲੀ ਪੰਥਕ ਪਹਿਚਾਣ ਦੀ ਸੋਚ ਨੂੰ ਅਖੌਤੀ ਸਭਿਆਚਾਰਕ ਮੇਲਿਆਂ ਤੇ ਸੰਚਾਰ ਸਾਧਨਾਂ ਰਾਹੀਂ ਭੋਗਵਾਦ ਅਧਾਰਤ ਨਵੇਂ ਪੰਜਾਬੀ ਸਭਿਆਚਾਰ ਦੀ ਸੋਚ ਨਾਲ ਬਦਲਣ ਦਾ ਯਤਨ ਕੀਤਾ ਗਿਆ। ੧੯੯੧ ਵਿਚ ਆਰਥਕ ਉਦਾਰੀਕਰਨ ਨਾਲ ਇਸ ਰਣਨੀਤੀ ਨੂੰ ਹੋਰ ਤੇਜ ਕੀਤਾ ਗਿਆ। ਇਸ ਦਾ ਮਨੋਰਥ ਸਿਖ ਪਛਾਣ ਅਤੇ ਰਾਜਨੀਤਕ ਸਮਝ ਨੂੰ ਭੋਗਵਾਦੀ ਅਤੇ ਰਾਸ਼ਟਰਵਾਦੀ ਸੋਚ ਨਾਲ ਬਦਲਣਾ ਸੀ।

“ਸ਼ਬਦ ਗੁਰੂ’’ ਦੀ ਅਹਿਮਤ ਘਟਾਉਣ ਦੀ ਰਣਨੀਤੀ ਤਹਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀਆਂ ਦੀਆਂ ਸਾਜਿਸ਼ੀ ਘਟਨਾਵਾਂ ਅਤੇ ਸਰਕਾਰ ਵੱਲੋਂ ਆਪਣੇ ਪ੍ਰਭਾਵ ਨਾਲ ਪੰਜਾਬ ਵਿਚ ਦੇਹਧਾਰੀ ਡੇਰੇਦਾਰਾਂ ਦੀ ਵਧਾਈ ਜਾ ਰਹੀ ਸਮਾਜਕ-ਰਾਜਨੀਤਕ ਸਰਗਰਮੀ ਤੇ ਅਹਿਮੀਅਤ ਇੰਡੀਅਨ ਸਾਮਰਾਜ ਵੱਲੋਂ ‘ਸ਼ਬਦ ਗੁਰੂ’ ਦੇ ਸਿਧਾਂਤ ਨੂੰ ਢਾਹ ਲਾਉਣ ਦੀ ਵਿਓਂਤਬੰਦੀ ਦਾ ਹਿੱਸਾ ਹੈ।

੧੯੯੧ ਤੋਂ ਬਾਅਦ ਭੋਗਵਾਦ ਅਤੇ ਆਰਥਕ ਵਿਕਾਸ ਦੇ ਭਰਮ ਨੇ ਨੌਜਵਾਨਾਂ ਨੂੰ ਦਿਸ਼ਾਹੀਣ ਕੀਤਾ, ਜਿਸ ਨਾਲ ਨਸ਼ਿਆਂ, ਖੁਦਕੁਸ਼ੀਆਂ ਅਤੇ ਵਿਆਪਕ ਪਰਵਾਸ ਵਧੇ। ਇਹ ਹਾਲਾਤ ਸਿਰਫ ਸਮਾਜਕ ਬਦਲਾਅ ਨਹੀਂ, ਸਗੋਂ ਬਹੁਪਰਤੀ ਰਣਨੀਤੀਆਂ ਦਾ ਨਤੀਜਾ ਮੰਨੇ ਜਾਂਦੇ ਹਨ, ਜਿਨ੍ਹਾਂ ਦਾ ਮਕਸਦ ਵਿਰੋਧ ਕਰਨ ਵਾਲੀ ਸਮਰਥਾ ਅਤੇ ਕਿਰਦਾਰ ਨੂੰ ਕਮਜ਼ੋਰ ਕਰਨਾ ਸੀ।

## ਸਿਖਾਂ ਨੂੰ ਗੁਲਾਮੀ ਦੇ ਹਲਾਤ ਵਿਚ ਰਖਣ ਅਤੇ ਆਗੂ ਰਹਿਤ ਕਰਨ ਦੀ ਰਣਨੀਤੀ ਦੇ ਕੁਝ ਪੈਂਤੜੇ

ਇਸ ਨਿਰਣਾਇਕ ਘੜੀ ਵਿਚ ਇੰਡੀਅਨ ਸਟੇਟ ਵੱਲੋਂ ਸਿਖ ਆਗੂਆਂ ਦੀ ਪੁਖਤਾ ਫੈਸਲੇ ਲੈਣ ਅਤੇ ਆਪਣੀਆਂ ਰਣਨੀਤਕ ਤਰਜੀਹਾਂ ਅਨੁਸਾਰ ਪਹਿਲਕਦਮੀਆਂ ਕਰਨ ਦੀ ਸਮਰੱਥਾ ਨੂੰ ਕਮਜ਼ੋਰ ਕਰਨ ਲਈ ਉਹਨਾਂ ਨੂੰ ਆਪਸ ਵਿਚ ਪਾੜਨ ਤੇ ਖਿੰਡਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਇਸ ਰਣਨੀਤੀ ਤਹਿਤ ਗਿਣੀ-ਮਿੱਥੀ ਆਪੋ-ਧਾਪੀ ਦਾ ਮਾਹੌਲ ਸਿਰਜਣ ਲਈ ਕੁਝ ਹਿੱਸਿਆਂ ਨੂੰ ਪਲੋਸ ਕੇ, ਖਰੀਦ ਕੇ ਜਾਂ ਡਰਾ ਕੇ ਆਪਣੇ ਨਾਲ ਜੋੜਿਆ ਜਾ ਰਿਹਾ ਹੈ, ਜਦਕਿ ਬਾਗੀ ਆਗੂਆਂ ਨੂੰ ਬਦਨਾਮ ਕਰਨ ਅਤੇ ਕੁਝ ਨੂੰ ਸ਼ਹੀਦ ਕਰਕੇ ਆਮ ਸਿਖ ਜਨਤਾ ਵਿਚ ਦੁਬਿਧਾ ਪੈਦਾ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਇਸ ਰਾਹੀਂ ਸਿਖ ਜਥਿਆਂ ਵਿਚ ਪਾਟੋਧਾੜ ਵਧਾਉਣ ਅਤੇ ਆਪਸੀ ਟਕਰਾਅ ਦੇ ਹਾਲਾਤ ਬਣਾਉਣ ਦੀ ਕੋਸ਼ਿਸ਼ ਹੋ ਰਹੀ ਹੈ।

ਇੰਝ ਅਗਵਾਈ ਵਿਚ ਫੇਰਬਦਲ ਦੀ ਪੈਂਤੜੇਬਾਜ਼ੀ ਰਾਹੀਂ ਸਟੇਟ ਦਾ ਮਕਸਦ ਖੁਦਮੁਖਤਿਆਰ ਤੇ ਅਜਾਦ ਸੋਚ ਵਾਲੀ ਅਗਵਾਈ ਨੂੰ ਖਤਮ ਕਰਨਾ ਅਤੇ ਆਪਣੇ ਵਗਾਰੀਆਂ ਨੂੰ ਸਮੇਂ-ਸਮੇਂ ’ਤੇ ਸਿਖਾਂ ਦੇ ਆਗੂ ਵਜੋਂ ਥੋਪਣਾ ਹੈ।

ਇਸ ਦੇ ਨਾਲ-ਨਾਲ ਇੰਡੀਆ ਦੀਆਂ ਰੱਖਿਆ ਅਤੇ ਖੁਫੀਆ ਏਜੰਸੀਆਂ ਨੇ ਪੰਜਾਬ ਵਿਚ ‘ਝੂਠੇ ਪੁਲਿਸ ਮੁਕਾਬਲਿਆਂ’ ਦਾ ਨਵਾਂ ਦੌਰ ਚਲਾ ਕੇ ਅਤੇ ਵਿਦੇਸ਼ਾਂ ਵਿਚ ‘ਟ੍ਰਾਂਸਨੈਸ਼ਨਲ ਰਿਪਰੈਸ਼ਨ’ ਕਾਰਵਾਈਆਂ ਕਰਕੇ ਦਮਨਕਾਰੀ ਤਾਕਤ ਦਾ ਅਹਿਸਾਸ ਕਰਵਾਉਣ ਦੀ ਕੋਸ਼ਿਸ਼ ਕੀਤੀ ਹੈ। ਵਿਦੇਸ਼ਾਂ ਦੀਆਂ ਕੁਝ ਸਰਕਾਰਾਂ ਵੱਲੋਂ ਬਿਪਰ ਇੰਡੀਅਨ ਸਟੇਟ ਦੇ ਪ੍ਰਭਾਵ ਹੇਠ ਵਿਦੇਸ਼ੀਂ ਰਹਿੰਦੇ ਖਾਲਿਸਤਾਨ ਦੇ ਮੁਦਈਆਂ ਉੱਤੇ ਆਰਥਕ ਤੇ ਹੋਰ ਪਾਬੰਦੀਆਂ ਲਗਾਉਣਾ ਇਸੇ ਨੀਤੀ ਦਾ ਹਿੱਸਾ ਹੈ। “ਦਹਿਸ਼ਤ ਅਤੇ ਸਹਿਮ” ਦਾ ਮਾਹੌਲ ਬਣਾਉਣ ਲਈ ਹਿੰਸਾ ਦੀ ਵਰਤੋਂ ਦੇ ਨਾਲ, ‘ਨਸ਼ੇ-ਗੈਂਗਵਾਦ-ਅੱਤਵਾਦ’ ਦਾ ਬਿਰਤਾਂਤ ਤਿਆਰ ਕਰਕੇ ਜੁਰਮ ਦੇ ਗਿਰੋਹਾਂ ਨੂੰ ਵੀ ਵਰਤਿਆ ਜਾ ਰਿਹਾ ਹੈ, ਤਾਂ ਜੋ ਅਹਿਮ ਮੌਕਿਆਂ ’ਤੇ ਬਾਗੀ ਸਿਖਾਂ ਖਿਲਾਫ ਕਾਰਵਾਈ ਲਈ ਮਹੌਲ ਬਣਾਇਆ ਜਾ ਸਕੇ ਜਾਂ ਇਸ ਬਿਰਤਾਂਤ ਦੀ ਆੜ ਵਿਚ ਲੀਡਰਸ਼ਿਪ ਨੂੰ ਨਿਸ਼ਾਨਾ ਬਣਾਇਆ ਜਾ ਸਕੇ।

ਇਸ ਤਰੀਕੇ ਨਾਲ ਸਟੇਟ ਨੇ ਬਗਾਵਤ-ਵਿਰੋਧੀ ਰਣਨੀਤੀ ਤਹਿਤ ਪੰਜਾਬ ਵਿਚ ਫੌਜਦਾਰੀ ਅਤੇ ਮਨੋਵਿਗਿਆਨਕ ਹਮਲੇ ਕਰਕੇ ਹਿੰਦੂਤਵੀ ਨੈਸ਼ਨਲਇਜ਼ਮ, ਭੋਗਵਾਦ ਅਤੇ ਝੂਠੇ ਆਗੂਆਂ ਨੂੰ ਥੋਪਣ ਨਾਲ ਸਮਾਜਕ, ਰਾਜਨੀਤਕ ਅਤੇ ਆਰਥਕ ਹੋਂਦ-ਹਸਤੀ ’ਤੇ ਗਹਿਰਾ ਅਸਰ ਪਾਇਆ ਹੈ।=

## ਇੰਡੀਅਨ ਸਾਮਰਾਜ ਦੇ ਹਮਲੇ ਪਰਥਾਏ ਖਾਲਸਾ ਜੀਓ ਦੀ ਸਾਂਝੀ ਘਾਲਣਾ

ਸਿਖਾਂ ਉੱਤੇ ਗਲਬਾ ਬਣਾਈ ਰਖਣ ਲਈ ਯਤਨ ਭਾਵੇਂ ਬਹੁਤ ਜੋਰਦਾਰ ਤਰੀਕੇ ਨਾਲ ਹੋਏ ਤੇ ਹੋ ਰਹੇ ਹਨ ਪਰ ਇਹ ਅਧੂਰੇ ਅਤੇ ਅੰਸ਼ਕ ਸਫਲ ਹੀ ਰਹੇ। ਇਹਨਾਂ ਸਰਕਾਰੀ ਯਤਨਾਂ ਦਾ ਜੋ ਅਸਰ ਹੋਇਆ ਵੀ ਸੀ ਉਹ ਵੀ ਸ਼ਹੀਦਾਂ ਦੇ ਡੁਲ ਰਹੇ ਖੂਨ ਸਦਕਾ ਪੇਤਲਾ ਹੁੰਦਾ ਜਾ ਰਿਹਾ।

੧੯੮੦ਵਿਆਂ ਤੋਂ ਚੱਲੇ ਸਟੇਟ ਦੇ ਮਨੋਵਿਗਿਆਨਕ ਦਬਾਅ ਤੇ ਹਿੰਸਾ ਅਧਾਰਤ ਹਮਲਾਵਰ ਬਿਰਤੀ ਨਾਲ ਲਬਾ-ਲਬ ਇਸ ਦੌਰ ਵਿਚ ਕਈ ਗੁਮਨਾਮ ਤੇ ਨਾਮਵਰ ਸਿਖ ਇੰਡੀਅਨ ਸਟੇਟ ਦੇ ਬਿਰਤਾਂਤ ਅੱਗੇ ਅਡੋਲ ਰਹੇ ਅਤੇ ਇਸ ਬਿਰਤਾਂਤ ਨੂੰ ਚੁਣੌਤੀ ਦਿੱਤੀ। ਉਹ ਖੁਦ ਪੁਲਿਸ ਦੇ ਜਬਰ ਤੇ ਖਲਨਾਇਕੀਕਰਨ ਦਾ ਸ਼ਿਕਾਰ ਹੋਏ ਪਰ ਫਿਰ ਵੀ ਉਹ ਥਕੇ ਨਹੀਂ, ਰੁਕੇ ਨਹੀਂ, ਝੁਕੇ ਨਹੀਂ ਅਤੇ ਡਟੇ ਰਹੇ। ਉਹਨਾਂ ਨੇ ਸਾਡੇ ਸ਼ਹੀਦਾਂ ਦੀਆਂ ਯਾਦਾਂ ਮਨਾਈਆਂ, ਖਾਲਿਸਤਾਨ ਬਾਰੇ ਵਿਚਾਰਧਾਰਕ ਸਪਸ਼ਟਤਾ ਲਿਆਂਦੀ ਅਤੇ ਖਾਲਿਸਤਾਨ ਲਹਿਰ ਦੀਆਂ ਯਾਦਾਂ ਨੂੰ ਸਫਲਤਾ ਨਾਲ ਅਗਲੀ ਪੀੜ੍ਹੀ ਤੱਕ ਪਹੁੰਚਾਇਆ।

ਇਹ ਸਭ ਉਦਮ ਬੜੇ ਸਿਰੜ, ਗੁਝੇ ਤਰੀਕੇ ਤੇ ਨਿਸ਼ਕਾਮ ਭਾਵ ਨਾਲ ਵਾਪਰਿਆ। ਇਹਨਾਂ ਬੁਲੰਦ ਕਿਰਦਾਰਾਂ ਨੇ ਉਸ ਮਹੌਲ ਵਿਚ ਕੰਮ ਕੀਤਾ ਜਦੋਂ ਕਿ ਖਾਲਿਸਤਾਨ ਦੀ ਗੱਲ ਕਰਨ ਨੂੰ ਸਟੇਟ ਵੱਲੋਂ ਗੁਨਾਹ ਕਰਨ ਵਾਂਗ ਵੇਖਿਆ ਜਾਂਦਾ ਸੀ। ਫਿਰ ਵੀ ਲਗਾਤਾਰ ਮਿਹਨਤ ਅਤੇ ਸਿਦਕ ਨਾਲ ਇਹਨਾਂ ਨੇ ਸੰਗਰਾਮ ਦੀ ਵਿਚਾਰਧਾਰਕ ਲਗਾਤਾਰਤਾ ਨੂੰ ਬਚਾਈ ਰੱਖਿਆ। ਜੰਗ-ਏ ਅਜਾਦੀ ਦੇ ਵਰਤਮਾਨ ਮੁਕਾਮ ਉੱਤੇ ਪੁਜਣ ਵਿਚ ਇਹਨਾਂ ਦਾ ਯੋਗਦਾਨ ਯਾਦ ਰਖਣਯੋਗ ਹੈ।

ਅੱਜ ਜੇਕਰ ਪੰਜਾਬ ਵਿਚ ਖਾਲਿਸਤਾਨ ਦੀ ਗੱਲ ਖੁੱਲ੍ਹ ਕੇ ਹੋ ਰਹੀ ਹੈ; ਸਾਰੇ ਸੰਸਾਰ ਵਿਚ ਪੰਥਕ ਉਭਾਰ ਹੁੰਦਾ ਦਿਸ ਰਿਹਾ ਹੈ ਅਤੇ ਸਿਖ ਰਾਜ ਲਈ ਖੁੱਲੀ ਹਿਮਾਇਤ ਨਜ਼ਰ ਆ ਰਹੀ ਹੈ ਤਾਂ ਇਹ ਸਭ ਕੁਝ ਆਪਣੇ ਆਪ ਨਹੀਂ ਹੋ ਗਿਆ। ਇਹ ਵਰਤਾਰਾ ਪਿਛਲੇ ੪੦ ਸਾਲਾਂ ਵਿਚ ਹੋਈਆਂ ਸ਼ਹਾਦਤਾਂ ਤੇ ਉਹਨਾ ਸਿੰਘਾਂ, ਬੀਬੀਆਂ ਦੀ ਦਹਾਕਿਆਂ ਦੀ ਘਾਲਣਾ ਦਾ ਨਤੀਜਾ ਹੈ ਜਿਹਨਾ ਨੇ ਉਦੋਂ ਵੀ ਸਿਖ ਸੰਗਰਾਮ ਨੂੰ ਪਿੱਠ ਨਹੀਂ ਦਿੱਤੀ ਜਦੋਂ ਲਹਿਰ ਦਾ ਪੱਲਾ ਫੜੀ ਰੱਖਣਾ ਬੜਾ ਬਿਖਮ ਕਾਰਜ ਸੀ ਤੇ ਨਾ ਹੀ ਦਿਸਦੇ ਰੂਪ ਵਿਚ ਸਿਖਾਂ ਦੀ ਬੁਹਗਿਣਤੀ ਵਿਚ ਮਕਬੂਲ ਸੀ। ਇਹਨਾ ਨੇ ਹੀ ਉਹ ਜਮੀਨ ਤਿਆਰ ਕੀਤੀ ਹੈ ਜਿਸ ਉੱਤੇ ਅਸੀਂ ਅੱਜ ਖਾਲਿਸਤਾਨ ਲਹਿਰ ਦੇ ਅਗਲੇ ਪੜਾਅ ਵਾਸਤੇ ਤਿਆਰ ਖੜ੍ਹੇ ਹਾਂ।

ਇਹ ਜੰਗ-ਏ-ਅਜਾਦੀ ਵਿਚ ਖਾਲਸਾ ਜੀਓ ਦੀ ਸਾਂਝੀ ਘਾਲਣਾ ਦਾ ਹੀ ਨਤੀਜਾ ਹੈ ਕਿ ਇੰਡੀਆ ਵੱਲੋਂ ਸਾਡੇ ਧਰਮ ਯੁਧ ਨੂੰ ਦਬਾਉਣ ਦੇ ਯਤਨਾਂ ਨੂੰ ਸੰਸਾਰ ਭਰ ਵਿਚ ਵੱਖ-ਵੱਖ ਰੂਪਾਂ ਵਿਚ ਤਸਲੀਮ ਕੀਤਾ ਜਾ ਰਿਹਾ ਹੈ। ਜਿੱਥੇ ਕੈਨੇਡਾ ਦੀ ਪਾਰਲੀਮੈਂਟ ਨੇ ਜੰਗ-ਏ-ਅਜਾਦੀ ਦੇ ਸ਼ਹੀਦ ਭਾਈ ਹਰਦੀਪ ਸਿੰਘ ਨਿੱਝਰ ਦੀ ਸ਼ਹਾਦਤ ਪਰਥਾਏ ਮੌਨ ਰਖਕੇ ਸ਼ਰਧਾਂਜਲੀ ਦਿੱਤੀ ਹੈ, ਓਥੇ ਯੂ.ਐਨ. ਮਨੁੱਖੀ ਹੱਕ ਕੌਂਸਲ ਵਰਗੇ ਅੰਤਰਰਾਸ਼ਟਰੀ ਅਦਾਰੇ ਸਿਖਾਂ ਖਿਲਾਫ ਬਿਪਰ ਇੰਡੀਆ ਵੱਲੋਂ ਵਿੱਢੀ 'ਟਰਾਂਸਨੈਸ਼ਨਲ ਰਿਪਰੈਸ਼ਨ' ਦੀ ਸਾਜਸ਼ ਦੀ ਸੰਸਾਰ ਪੱਧਰ 'ਤੇ ਨਿਸ਼ਾਨਦੇਹੀ ਕਰ ਰਹੇ ਹਨ।

## ਵਰਤਮਾਨ ਸਥਿਤੀ : ਸੰਭਾਵਨਾਵਾਂ ਅਤੇ ਚੁਣੌਤੀਆਂ

## ਨਵੇਂ ਵਿਸ਼ਵਵਿਆਪੀ ਪਰਬੰਧ ਦੇ ਸੰਦਰਭ ਵਿਚ, ਇੰਡੀਆ, ਦੱਖਣ ਏਸ਼ੀਆ ਤੇ ਸੰਸਾਰ ਰਾਜਨੀਤੀ ਦੇ ਅਜੋਕੇ ਹਾਲਾਤ

### ਇੰਡੀਅਨ ਸੰਦਰਭ

ਪਿਛਲੇ ਦਹਾਕੇ ਵਿਚ ਇੰਡੀਆ ਦੀ ਰਾਜਨੀਤੀ ਵਿਚ ਆਏ ਬਦਲਾਵਾਂ ਨੇ ਇਸ ਖਿਤੇ ਨੂੰ ਨਾਜੁਕ ਦੌਰ ਵਿਚ ਦਾਖਲ ਕਰ ਦਿੱਤਾ ਹੈ। ਸਾਲ ੨੦੧੪ ਵਿਚ ਭਾਜਪਾ ਦਾ ਉਭਾਰ ਇਕ ਅਹਿਮ ਤਬਦੀਲੀ ਵਜੋਂ ਸਾਹਮਣੇ ਆਇਆ ਹੈ। ਆਰ.ਐਸ.ਐਸ ਅਤੇ ਭਾਜਪਾ ਦੇ ਹੱਥਾਂ ਵਿਚ ਸੱਤਾ ਦਾ ਜਾਣਾ ਇੰਡੀਆ ਨੂੰ 'ਅਖੰਡ ਭਾਰਤ' ਅਤੇ ਕਾਨੂੰਨੀ ਹਿੰਦੂ ਰਾਸ਼ਟਰ ਬਣਾਉਣ ਦੇ ਏਜੰਡੇ ਵਿਚ ਆਈ ਤੇਜੀ ਦਾ ਸੰਕੇਤ ਮੰਨਿਆ ਜਾਂਦਾ ਹੈ। ਇਸ ਨਿਸ਼ਾਨੇ ਲਈ ਕਸ਼ਮੀਰ, ਪੰਜਾਬ, ਦੱਖਣੀ ਅਤੇ ਉੱਤਰ-ਪੂਰਬੀ ਖੇਤਰਾਂ ਨੂੰ ਪੂਰੀ ਤਰ੍ਹਾਂ ਆਪਣੇ ਅੰਦਰ ਸ਼ਾਮਲ ਕਰਨ ਦੀ ਕੋਸ਼ਿਸ਼ ਜਾਰੀ ਹੈ, ਜਿਨ੍ਹਾਂ ਨੇ ਇਤਿਹਾਸਕ ਤੌਰ 'ਤੇ ਸਟੇਟ ਦੀਆਂ ਨੀਤੀਆਂ ਦਾ ਵਿਰੋਧ ਕੀਤਾ ਹੈ। ਇਸ ਮੁਹਿੰਮ ਦੇ ਨਤੀਜੇ ਗੰਭੀਰ ਦਿਖਾਈ ਦੇ ਰਹੇ ਹਨ ਅਤੇ ਇੰਡੀਆ ਦੀ ਅੰਦਰੂਨੀ ਸਿਆਸਤ ਵਿਚ ਵੀ ਤਣਾਅ ਵਧ ਰਿਹਾ ਹੈ। ਇਹ ਤਣਾਅ ਹੁਣ ਸਿਰਫ ਰਿਵਾਇਤੀ ਹੱਦਾਂ ਤੱਕ ਸੀਮਤ ਨਹੀਂ ਰਹਿ ਗਿਆ, ਸਗੋਂ ਉਹਨਾਂ ਵਰਗਾਂ ਵਿਚ ਵੀ ਨਜਰ ਆ ਰਿਹਾ ਹੈ ਜਿਨ੍ਹਾਂ ਨੂੰ ਪਹਿਲਾਂ ਇੰਡੀਅਨ ਨੈਸ਼ਨਲਿਜ਼ਮ ਦੇ ਮਜਬੂਤ ਗੜ੍ਹ ਮੰਨਿਆ ਜਾਂਦਾ ਸੀ। ਸੱਤਾ ਦਾ ਕੇਂਦਰੀਕਰਨ ਅਤੇ ਸੱਭਿਆਚਾਰਕ ਇਕਸਾਰਤਾ ਥੋਪਣ ਦੀਆਂ ਕੋਸ਼ਿਸ਼ਾਂ ਨੇ ਖੇਤਰੀ ਖੁਦਮੁਖਤਿਆਰੀ, ਭਾਸ਼ਾਈ ਪਛਾਣਾਂ ਅਤੇ ਸਵੈ-ਨਿਰਣੇ ਦੀਆਂ ਲਹਿਰਾਂ ਨੂੰ ਹੋਰ ਤਿੱਖਾ ਕੀਤਾ ਹੈ। ਇਸ ਪਰਸੰਗ ਵਿਚ ਵੱਖ-ਵੱਖ ਹਿੱਸਿਆਂ ਵਿਚ ਆਪਸੀ ਸਮਰਥਨ, ਇਕਜੁਟਤਾ ਅਤੇ ਤਾਲਮੇਲ ਦੀ ਲੋੜ ਵਧ ਗਈ ਹੈ।

### ਦੱਖਣੀ ਏਸ਼ੀਆ ਸੰਦਰਭ

ਪੰਜਾਬ ਇਸ ਵੇਲੇ ਇਕ ਮਹੱਤਵਪੂਰਨ ਭੂ-ਰਾਜਨੀਤਕ ਸਥਿਤੀ ਦੇ ਕੇਂਦਰ ਵਿਚ ਆ ਗਿਆ ਹੈ। ਇੰਡੀਆ ਅਤੇ ਪਾਕਿਸਤਾਨ ਵਿਚ ਹੋਏ ਹਵਾਈ ਟਕਰਾਅ ਅਤੇ ਸਿੰਧ ਜਲ ਸੰਧੀ ਨੂੰ ਇਕਪਾਸੜ ਤੌਰ 'ਤੇ ਮੁਲਤਵੀ ਕਰਨ ਵਰਗੀਆਂ ਕਾਰਵਾਈਆਂ ਇਸ ਖੇਤਰ ਵਿਚ ਵਧ ਰਹੇ ਸੰਕਟ ਦਾ ਸੰਕੇਤ ਦਿੰਦੀਆਂ ਹਨ। ਪ੍ਰਮਾਣੂ ਹਥਿਆਰਾਂ ਨਾਲ ਲੈਸ ਦੋਹਾਂ ਦੇਸ਼ਾਂ ਵਿਚਾਲੇ ਇਹ ਤਣਾਅ ਸਿਰਫ ਸਰਹੱਦੀ ਝੜਪ ਨਹੀਂ, ਸਗੋਂ ਧਰਤੀ, ਪਾਣੀ ਅਤੇ ਲੋਕਾਂ ਉੱਤੇ ਸਿੱਧੇ ਪ੍ਰਭਾਵ ਪਾਉਣ ਵਾਲੀ ਸਥਿਤੀ ਬਣ ਸਕਦੀ ਹੈ।

### ਅੰਤਰਰਾਸ਼ਟਰੀ ਸੰਦਰਭ

ਇਸੇ ਦੌਰਾਨ ਅਮਰੀਕਾ ਅਤੇ ਚੀਨ ਦਰਮਿਆਨ ਵਧ ਰਹੇ ਭੂ-ਰਾਜਨੀਤਕ ਤਣਾਅ ਅਤੇ ਵੱਡੇ ਆਰਥਕ ਪ੍ਰੋਜੈਕਟਾਂ ਨੇ ਇਸ ਖੇਤਰ ਨੂੰ ਵੱਡੀਆਂ ਤਾਕਤਾਂ ਦੇ ਟਕਰਾਅ ਦਾ ਕੇਂਦਰ ਬਣਾ ਦਿੱਤਾ ਹੈ। ਇਹ ਪ੍ਰੋਜੈਕਟ ਸਿਰਫ ਬੁਨਿਆਦੀ ਢਾਂਚੇ ਦੀ ਉਸਾਰੀ ਨਹੀਂ, ਸਗੋਂ ਵਪਾਰਕ ਰਸਤੇ ਅਤੇ ਰਣਨੀਤਕ ਗਠਜੋੜਾਂ ਨੂੰ ਮੁੜ-

ਘੜਨ ਦੇ ਸਾਧਨ ਹਨ। ਇਸ ਖੇਤਰ ਵਿਚ ਹੋਣ ਵਾਲਾ ਕੋਈ ਵੀ ਟਕਰਾਅ ਸਥਾਨਕ ਅਰਥਚਾਰਿਆਂ ਦੇ ਨਾਲ ਸੰਸਾਰਕ ਵਪਾਰ ਤੇ ਰਾਜਨੀਤਕ ਸੰਰਚਨਾ ’ਤੇ ਵੀ ਅਸਰ ਪਾ ਸਕਦਾ ਹੈ। ਵਿਸ਼ਵ ਪੱਧਰ ’ਤੇ ਪ੍ਰਬੰਧ ਹੁਣ ਬਹੁਧੁਰਵੀ ਬਣਦਾ ਜਾ ਰਿਹਾ ਹੈ, ਜਿੱਥੇ ਅਮਰੀਕਾ ਇਕੱਲੀ ਸਿਰਮੌਰ ਤਾਕਤ ਨਹੀਂ ਰਿਹਾ। ਨਾਟੋ ਦੇਸ਼ ਅਤੇ ਪੱਛਮੀ ਮੁਲਕ ਚੀਨ ਦੇ ਪ੍ਰਭਾਵ ਨੂੰ ਸੰਤੁਲਿਤ ਕਰਨ ਲਈ ਇੰਡੀਆ ਨਾਲ ਰਣਨੀਤਕ ਅਤੇ ਆਰਥਕ ਸਾਂਝ ਵਧਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਇੰਡੀਆ ਵੱਲੋਂ ਪੱਛਮੀ ਦੇਸ਼ਾਂ ਨਾਲ ਚੱਲ ਰਹੀਆਂ ਵਪਾਰਕ ਵਾਰਤਾਵਾਂ ਇਸ ਗੱਲ ਦਾ ਸੰਕੇਤ ਦਿੰਦੀਆਂ ਹਨ।

### ਪੰਥ ਅਤੇ ਪੰਜਾਬ ਲਈ ਸੰਭਾਵਨਾਵਾਂ ਅਤੇ ਚੁਣੌਤੀਆਂ

ਇਸ ਪਰਸੰਗ ਵਿਚ ਪੰਥ ਅਤੇ ਪੰਜਾਬ ਦੀ ਸਥਿਤੀ ਸੰਸਾਰ ਰਾਜਨੀਤੀ ਦੇ ਵੱਡੇ ਪਰਿਪੇਖ ਵਿਚ ਮਹੱਤਵਪੂਰਨ ਬਣ ਰਹੀ ਹੈ। ਹੁਣ ਇਹ ਮਾਮਲਾ ਸਿਰਫ ਸਥਾਨਕ ਸਿਆਸੀ ਟਕਰਾਅ ਤੱਕ ਸੀਮਤ ਨਹੀਂ ਰਿਹਾ, ਸਗੋਂ ਵਿਸ਼ਵ ਪੱਧਰੀ ਤਬਦੀਲੀਆਂ ਨਾਲ ਜੁੜ ਗਿਆ ਹੈ। ਇਹ ਹਾਲਾਤ ਜਿੱਥੇ ਮੌਕੇ ਪੈਦਾ ਕਰਦੇ ਹਨ, ਓਥੇ ਵੱਡੀਆਂ ਚੁਣੌਤੀਆਂ ਅਤੇ ਖਤਰਿਆਂ ਨੂੰ ਵੀ ਜਨਮ ਦਿੰਦੇ ਹਨ। ਇਸ ਲਈ ਅਸਰਦਾਰ ਅਗਵਾਈ, ਮਜਬੂਤ ਜਥੇਬੰਦੀ ਅਤੇ ਰਣਨੀਤਕ ਸਪਸ਼ਟਤਾ ਦੀ ਲੋੜ ਹੋਰ ਵਧ ਗਈ ਹੈ।

## ਪੰਜਾਬ ਦਾ ਮਹੱਤਵ

### ਭੂਗੋਲਿਕ ਤੇ ਰਣਨੀਤਕ ਮਹੱਤਵ

ਪੰਜਾਬ ਭੂਗੋਲਿਕ ਤੌਰ ’ਤੇ ਦੱਖਣ ਏਸ਼ੀਆ ਦੇ ਇਕ ਮਹੱਤਵਪੂਰਨ ਰਣਨੀਤਕ ਲਾਂਘੇ ਦੇ ਮੁਹਾਣੇ ਉੱਤੇ ਸਥਿਤ ਹੈ। ਇੰਡੀਆ ਤੋਂ ਕੇਂਦਰੀ ਏਸ਼ੀਆ ਅਤੇ ਹੋਰ ਖੇਤਰਾਂ ਤੱਕ ਜਮੀਨੀ ਰਸਤੇ ਪਹੁੰਚਣ ਦਾ ਸਾਰਾ ਸਾਲ ਚੱਲਣ ਵਾਲਾ ਟਿਕਾਊ ਰਸਤਾ ਪੰਜਾਬ ਰਾਹੀਂ ਹੀ ਸੰਭਵ ਹੈ, ਜਿਸ ਨਾਲ ਭਵਿੱਖ ਦੀ ਜਮੀਨੀ ਵਪਾਰਕ ਵਿਉਂਤਬੰਦੀ ਵਿਚ ਪੰਜਾਬ ਦੀ ਭੂਗੋਲਕ ਅਹਿਮੀਅਤ ਵਧ ਗਈ ਹੈ। ਪੰਜਾਬ ਵਿਚ ਇੰਡੀਆ ਦੀ ਹਵਾਈ ਰੱਖਿਆ ਪ੍ਰਣਾਲੀ ਦੇ ਮਹੱਤਵਪੂਰਨ ਟਿਕਾਣੇ ਮੌਜੂਦ ਹਨ ਅਤੇ ਉੱਤਰ-ਪੱਛਮੀ ਖੇਤਰ ਤੱਕ ਫੌਜੀ ਆਵਾਜਾਈ ਦਾ ਟਿਕਾਊ ਰਸਤਾ ਵੀ ਪੰਜਾਬ ਰਾਹੀਂ ਹੈ। ਇਸ ਲਈ ਪੰਜਾਬ ਵਿਚ ਲੰਬੇ ਸਮੇਂ ਦੀ ਅਨਿਸ਼ਚਿਤਤਾ ਸਿਰਫ ਸਥਾਨਕ ਨਹੀਂ ਰਹੇਗੀ, ਸਗੋਂ ਇਸਦਾ ਪ੍ਰਭਾਵ ਇੰਡੀਆ ਦੇ ਰੱਖਿਆ ਢਾਂਚੇ ਅਤੇ ਸਰਹੱਦੀ ਸੁਰੱਖਿਆ ਉੱਤੇ ਵੀ ਪਵੇਗਾ। ਇਸ ਤਰ੍ਹਾਂ ਪੰਜਾਬ ਦੀ ਭੂਗੋਲਿਕ ਸਥਿਤੀ ਇਸ ਖਿੱਤੇ ਨੂੰ ਰਣਨੀਤਕ ਤੌਰ ’ਤੇ ਫੈਸਲਾਕੁਨ ਸਥਿਤੀ ਵਿਚ ਲਿਆਉਂਦੀ ਹੈ।

### ਗੁਰਮਤਿ ਆਧਾਰਿਤ ਸਭਿਅਤਾ ਦੇ ਵਿਕਾਸ ਦੀ ਤਵਾਰੀਖੀ ਧਰਤੀ

ਪੰਜਾਬ ਸਿਰਫ ਰਣਨੀਤਕ ਮਹੱਤਵ ਵਾਲਾ ਖੇਤਰ ਹੀ ਨਹੀਂ, ਸਗੋਂ ਗੁਰਮਤਿ ਅਧਾਰਤ ਵਖਰੀ ਸਭਿਅਤਾ ਦੇ ਵਿਕਾਸ ਦੀ ਤਵਾਰੀਖੀ ਧਰਤੀ ਹੈ। ਇਹ ਗੁਰੂ ਖਾਲਸਾ ਪੰਥ ਦੇ ਅਮਲ ਦੀ ਧਰਤੀ ਰਹੀ ਹੈ ਅਤੇ ਇਤਿਹਾਸ ਨੇ ਦਰਸਾਇਆ ਹੈ ਕਿ ਸਿਖਾਂ ਦੇ ਜਨਤਕ ਉਭਾਰ ਵੱਡੀਆਂ ਤਬਦੀਲੀਆਂ ਕਰਨ ਦੇ ਸਮਰੱਥ ਰਹੇ ਹਨ। ੧੯੭੦ਵਿਆਂ ਦੇ ਐਮਰਜੰਸੀ ਵਿਰੋਧੀ ਅੰਦੋਲਨ ਤੋਂ ਲੈ ਕੇ ਧਰਮ ਯੁਧ ਮੋਰਚੇ ਅਤੇ ਹਾਲੀਆ ਕਿਸਾਨ ਮੋਰਚੇ ਤੱਕ, ਸਿਖ ਅਗਵਾਈ ਨੇ ਦਿੱਲੀ ਹਕੂਮਤ ਨੂੰ ਚੁਣੌਤੀ ਦੇਣ ਅਤੇ ਨਪੀੜੇ ਵਰਗਾਂ ਨੂੰ ਉਤਸ਼ਾਹਤ ਕਰਨ ਦੀ ਸਮਰੱਥਾ ਦਿਖਾਈ ਹੈ, ਜਿਸ ਨੂੰ ਦਿੱਲੀ ਖਤਰੇ ਵਜੋਂ ਵੇਖਦੀ ਹੈ।

### ਕੁਦਰਤੀ ਸਰੋਤਾਂ ਦੀ ਜਰਖੇਜ ਧਰਤੀ

ਪੰਜਾਬ ਕੁਦਰਤੀ ਤੌਰ ’ਤੇ ਵਧੀਆ ਜਲ ਸਰੋਤਾਂ, ਉਪਜਾਊ ਮਿੱਟੀ ਅਤੇ ਅਨੁਕੂਲ ਮੌਸਮ ਨਾਲ ਨਿਵਾਜਿਆ ਹੋਇਆ ਖੇਤਰ ਹੈ, ਜਿਸ ਕਰਕੇ ਇਹ ਪੂਰੇ ਖਿੱਤੇ ਵਿਚ ਖੇਤੀ ਉਪਜ ਦਾ ਮਹੱਤਵਪੂਰਨ ਕੇਂਦਰ ਬਣਿਆ ਹੈ। ਇਤਿਹਾਸਕ ਤੌਰ ’ਤੇ ਦਿੱਲੀ ਹਕੂਮਤ ਨੇ ਪੰਜਾਬ ਨਾਲ ਇਕ ਸਰਹੱਦੀ ਬਸਤੀ ਵਾਂਗ ਵਿਹਾਰ ਕੀਤਾ ਹੈ, ਜਿਸ ਨੂੰ ਰਾਸ਼ਟਰੀ ਸੁਰੱਖਿਆ ਅਤੇ ਅੰਨ ਦੀਆਂ ਲੋੜਾਂ ਪੂਰੀ ਕਰਨ ਲਈ ਵਰਤਿਆ ਗਿਆ। ਬਦਲ ਰਹੇ ਭੂ-ਰਾਜਨੀਤਕ ਹਾਲਾਤ ਵਿਚ ਪੰਜਾਬ ਮੁੜ ਦੱਖਣ ਏਸ਼ੀਆ ਦੇ ਭਵਿੱਖ ਲਈ ਇਕ ਅਹਿਮ ਖਿੱਤਾ ਬਣ ਗਿਆ ਹੈ।

ਜਿਵੇਂ-ਜਿਵੇਂ ਭਾਜਪਾ ਆਪਣੇ ਹਿੰਦੂਤਵ ਦੇ ਟੀਚਿਆਂ ਵੱਲ ਵਧ ਰਹੀ ਹੈ, ਇਹ ਤੱਤ ਇੰਡੀਅਨ ਹਕੂਮਤ ਲਈ ਰਣਨੀਤਕ ਚੁਣੌਤੀ ਬਣ ਰਹੇ ਹਨ। ਪੰਜਾਬ ਵਿਚ ਹੋਣ ਵਾਲਾ ਕੋਈ ਵੀ ਰਾਜਨੀਤਕ ਉਭਾਰ ਆਰਥਕ ਅਤੇ ਰੱਖਿਆ ਪੱਖੋਂ ਮਹੱਤਵਪੂਰਨ ਲਾਂਘਿਆਂ ਨੂੰ ਪ੍ਰਭਾਵਿਤ ਕਰ ਸਕਦਾ ਹੈ ਅਤੇ ਖੇਤਰੀ ਸਮੀਕਰਣ ਬਦਲ ਸਕਦਾ ਹੈ। ਇਸੇ ਕਰਕੇ ਕਿਸਾਨੀ ਮੋਰਚੇ ਤੋਂ ਬਾਅਦ ਪੰਜਾਬ ਵਿਚ ਸਟੇਟ ਦੇ ਜਬਰਕਾਰੀ ਢਾਂਚਿਆਂ ਦੀ ਮੁੜ ਮੋਰਚਾਬੰਦੀ ਤੇਜ ਹੋ ਗਈ ਹੈ।

## ਖਾਲਿਸਤਾਨ: ਸਿਧਾਂਤ, ਖਾਸਾ ਅਤੇ ਗੁਣ

### ਰਾਜਤੰਤਰ ਦੀ ਗੁਰਮਤਿ ਅਧਾਰਤ ਪਰਣਾਲੀ ਤੇ ਆਦਰਸ਼ਾਂ ਬਾਬਤ ਪੰਜਾਬ ਦੇ ਸਾਂਝੇ ਭਾਈਚਾਰੇ ਨਾਲ ਇਕਰਾਰ

ਬਿਪਰ ਇੰਡੀਅਨ ਸਾਮਰਾਜ ਪੰਜਾਬ ਵਿਚ ਸਿਰਫ ਸਿਖਾਂ ਉੱਤੇ ਹੀ ਨਹੀਂ, ਸਗੋਂ ਮੌਜੂਦਾ ਰਾਜਸੀ ਪਰਣਾਲੀ ਵਿਚ ਪੰਜਾਬ ਨੂੰ ਇਕ ਸੂਬੇ ਦੇ ਤੌਰ ’ਤੇ ਪਰਾਪਤ ਖੁਦਮੁਖਤਿਆਰੀ ਨੂੰ ਰੋਲਣ, ਸਿਖਾਂ ਸਮੇਤ ਸਮੂਹ ਪੰਜਾਬੀ ਭਾਈਚਾਰੇ ਦੇ ਸਾਂਝੇ ਕੁਦਰਤੀ ਸਰੋਤਾਂ—ਦਰਿਆਈ ਪਾਣੀਆਂ, ਜਮੀਨਦੋਜ ਪਾਣੀ ਤੇ ਮਿੱਟੀ ਆਦਿਕ—ਦੀ ਲੁੱਟ ਅਤੇ ਪਲੀਤ ਕਰਨ, ਆਰਥਕ ਪਰਣਾਲੀ ਰਾਹੀਂ ਧੰਨ ਦੀ ਲੁੱਟ ਅਤੇ ਵਰਣ-ਜਾਤ ਦੇ ਗਲਬੇ ਨੂੰ ਕਾਇਮ ਰੱਖਣ ਵਾਲੀ ਤਾਕਤ ਵਜੋਂ ਕੰਮ ਕਰਦਾ ਹੈ।

ਸੋ ਇਥੇ ਅਸੀਂ ਸਮਝਦੇ ਹਾਂ ਕਿ ਬਿਪਰ ਇੰਡੀਅਨ ਸਾਮਰਾਜ ਖਿਲਾਫ ਸਾਡੀ ਲੜਾਈ ਸਾਂਝੀ ਹੈ। ਸਿਖ ਪੰਜਾਬ ਦੇ ਸਭ ਵਰਗਾਂ ਦੀ ਸਾਂਝੀ ਲੜਾਈ ਨੂੰ ਹਿਰਾਵਲ ਦਸਤਾ ਬਣਕੇ ਲੜਨ ਲਈ ਤਿਆਰ ਹਨ।

ਖਾਲਿਸਤਾਨ ਦੀ ਸਿਰਜਣਾ ਦੀ ਲੋੜ ਦਾ ਸਭ ਤੋਂ ਅਹਿਮ ਪਹਿਲੂ ਇਹ ਹੈ ਕਿ ਅਸੀਂ ਐਸਾ ਮੁਲਕ ਬਣਾਉਣਾ ਚਾਹੁੰਦੇ ਹਾਂ ਜਿਸ ਵਿਚ ਗੁਰਮਤਿ ਦੀ ਵਿਸ਼ਵ ਦਰਿਸ਼ਟੀ ਦੇ ਅਨੁਸਾਰ ਸਰਬੱਤ ਦੇ ਭਲੇ ਵਾਲੀਆਂ ਹਲਤਮੁਖੀ ਤੇ ਪਲਤਮੁਖੀ ਭਾਈਚਾਰਕ, ਰਾਜਸੀ, ਆਰਥਕ ਤੇ ਵਾਤਾਵਰਣਕ ਪਰਣਾਲੀਆਂ, ਬਣਤਰਾਂ ਤੇ ਅਮਲ ਵਿਕਸਤ ਹੋ ਸਕਣ ਤਾਂ ਕਿ ਹਰ ਮਨੁੱਖ ਤੇ ਮਨੁੱਖੀ ਸਮੂਹ ਆਪਣੇ ਸੰਪੂਰਨ ਵਿਗਾਸ ਨੂੰ ਮਾਣ ਸਕੇ। ਐਸਾ ਰਾਜ-ਪ੍ਰਬੰਧ ਜਿਹੜਾ ਗੁਰੂ ਗ੍ਰੰਥ ਸਾਹਿਬ ਦੇ "ਹਲੇਮੀ ਰਾਜ" ਦੇ ਸਿਧਾਂਤ ਅਨੁਸਾਰ ਬ੍ਰਹਿਮੰਡੀ ਏਕਤਾ ਤੇ ਇਕਸੁਰਤਾ ਨੂੰ ਸਾਕਾਰ ਕਰ ਸਕਣ ਦੇ ਸਮੱਰਥ ਹੋਵੇਗਾ।

ਖਾਲਿਸਤਾਨ ਕਿਸੇ ਖਾਸ ਪਛਾਣ ਨੂੰ ਸਿਰਮੌਰ ਮੰਨਣ ਵਾਲੇ ਸੰਕੀਰਣ ਰਾਜਨੀਤਕ ਢਾਂਚੇ ਦਾ ਨਾਮ ਨਹੀਂ, ਸਗੋਂ ਪੀੜਤ ਲੋਕਾਂ ਦੀ ਸਾਂਝੀ ਮੁਕਤੀ ਦੇ ਆਦਰਸ਼ 'ਤੇ ਅਧਾਰਤ ਅਸਲ ਲੋਕ ਰਾਜ ਦੀ ਇਕ ਨਵੀਂ ਰਾਜਸੀ ਪਰਣਾਲੀ ਹੋਵੇਗਾ।

ਇਹ ਦੇਸ ਸਾਂਝੀਵਾਲਤਾ ਦੇ ਅਸੂਲ ਅਨੁਸਾਰ ਗੁਰਮਤਿ ਤੋਂ ਭਿੰਨ ਆਦਰਸ਼ ਤੇ ਅਸੂਲਾਂ ਵਾਲੇ ਸਭ ਮਤਾਂ/ਮਜ਼੍ਹਬਾਂ, ਸਭਿਆਚਾਰਕ ਸਮੂਹਾਂ, ਨਸਲੀ ਪਛਾਣਾਂ, ਸਮਾਜਕ ਵਰਗਾਂ, ਇਤਿਹਾਸਕ ਰਾਜਸੀ ਹੋਂਦ-ਹਸਤੀ ਵਾਲੇ ਸਮੂਹਾਂ ਤੇ ਕੌਮਾਂ ਦੀਆਂ ਆਸਾਂ-ਉਮੰਗਾਂ ਦੀ ਪੂਰਤੀ ਦਾ ਵੀ ਸਾਧਨ ਬਣੇਗਾ ਤਾਂ ਕਿ ਖਾਲਸਾ ਪੰਥ ਦੀ ਨਿਆਰੀ ਤੇ ਸੁਤੰਤਰ ਹੋਂਦ-ਹਸਤੀ ਦੇ ਨਾਲ-ਨਾਲ ਹਰ ਪਰਕਾਰ ਦੇ ਮਨੁੱਖੀ ਸਮੂਹਾਂ ਦੀ ਅਡਰੀ ਤੇ ਅਜਾਦ ਹੋਂਦ-ਹਸਤੀ ਅਤੇ ਆਪਸੀ ਭਾਈਚਾਰਾ ਨਿਰਵਿਘਨਤਾ ਸਹਿਤ ਵਿਗਸ ਸਕੇ।

"ਹੰਨੇ ਹੰਨੇ ਮੀਰੀ", "ਸਾਂਝੀਵਾਲਤਾ" ਤੇ "ਇਨ ਗਰੀਬ ਸਿਖਨ ਕੋ ਦਿਉ ਪਾਤਸਾਹੀ" ਦੇ ਖਾਲਸਾਈ ਸਿਧਾਂਤਾਂ ਅਨੁਸਾਰ ਰਾਜਸੀ ਸਤਾ ਦਾ ਵਿਕੇਂਦਰੀਕਰਨ ਹੋਏਗਾ। ਸਤਾ ਸਿਰਫ ਇਕ ਵਰਗ ਜਾਂ ਟੋਲੇ ਤਕ ਸੀਮਤ ਨਹੀਂ ਹੋਏਗੀ ਸਗੋਂ ਸਤਾ ਦਾ ਸੰਚਾਰ ਸਭ ਤੋਂ ਹੇਠਲੇ ਪਧਰ ਤਕ ਹੋਏਗਾ ਅਤੇ ਸਾਂਝੀ ਤੇ ਸੰਗਤੀ ਰਾਜ ਪਰਣਾਲੀ ਹੋਵੇਗੀ।

ਸਮਾਜਕ ਵਰਤਾਰਿਆਂ ਨੂੰ ਰਾਜਸੀ ਪ੍ਰਬੰਧ ਬਹੁਤ ਗਹਿਰੀ ਹੱਦ ਤੱਕ ਪ੍ਰਭਾਵਤ ਕਰਦਾ ਹੈ। ਇਸ ਲਈ "ਬੇਗਮਪੁਰਾ" ਦੇ ਸਿਧਾਂਤ ਅਨੁਸਾਰ ਹਰ ਪਰਕਾਰ ਦੇ ਗਲਬੇ ਤੋਂ ਰਹਿਤ ਅਤੇ ਸਾਂਝੀਵਾਲਤਾ ਵਾਲਾ ਸਮਾਜ ਸਿਰਜਣ ਲਈ ਖਾਲਿਸਤਾਨ ਦੀ ਰਾਜਸੀ ਪਰਣਾਲੀ ਹਰ ਸੰਭਵ ਸਹਿਯੋਗ ਕਰੇਗੀ।
ਖਾਲਿਸਤਾਨ ਵੋਟਤੰਤਰਕ ਸਿਖ ਬਹੁਗਿਣਤੀ ਦਾ ਰਾਜ ਨਹੀਂ ਹੋਏਗਾ ਸਗੋਂ ਅਜਾਦੀ ਤੋਂ ਬਾਅਦ ਸਤਾ, ਧੰਨ-ਮਾਲ ਤੇ ਕੁਦਰਤੀ ਸਰੋਤਾਂ ਦੀ ਵੰਡ ਗੁਰਮਤਿ ਦੇ ਸਰਬੱਤ ਦੇ ਭਲੇ ਤੇ ਸਾਂਝੀਵਾਲਤਾ ਦੇ ਸਿਧਾਂਤ ਅਨੁਸਾਰ ਸਭ ਵਰਗਾਂ ਵਿਚਕਾਰ ਹੋਏਗੀ।

ਰਾਜਸੀ ਸੰਸਥਾਨਾਂ ਵਿਚ ਸਿਰਫ ਇਕਹਰੀ ਸ਼ਹਿਰੀ ਵੋਟ ਤੰਤਰ ਵਾਲੀ ਨੁਮਾਇੰਦਗੀ ਹੀ ਪਰਚਲਤ ਨਹੀਂ ਹੋਏਗੀ, ਸਭ ਛੋਟੇ ਬੜੇ ਵਰਗਾਂ ਨੂੰ ਧਾਰਮਿਕ-ਮਜ਼੍ਹਬੀ, ਭਾਈਚਾਰਕ, ਰਾਜਸੀ ਪਛਾਣਾਂ ਦੇ ਅਧਾਰ 'ਤੇ ਮਿਸ਼ਰਤ ਨੁਮਾਇੰਦਗੀ ਵਾਲੀ ਪਰਣਾਲੀ ਹੋਏਗੀ।

ਰਾਜਸੀ ਨੁਮਾਇੰਦੇ ਚੁਣਨ ਲਈ ਸਿਰਫ ਵੋਟਤੰਤਰਕ ਪਰਣਾਲੀ ਹੀ ਸਭ ਲਈ ਜਰੂਰੀ ਨਹੀਂ ਹੋਏਗੀ ਸਗੋਂ ਸਭ ਸਮੂਹਾਂ ਨੂੰ ਆਪੋ ਆਪਣੀ ਮਾਨਤਾ ਮੁਤਾਬਕ ਆਗੂ ਚੁਣਨ ਦੀਆਂ ਵਖੋ ਵਖਰੀਆਂ ਪਰਣਾਲੀਆਂ ਨੂੰ ਮਾਨਤਾ ਹੋਏਗੀ। ਹਰ ਭਾਈਚਾਰਾ ਆਪਣੇ ਖੁਦ ਦੇ ਆਗੂਆਂ ਨੂੰ ਆਪਣੀ ਨੁਮਾਇੰਦੇ ਚੁਣਨ ਲਈ ਤਹਿ ਕੀਤੀ ਪਰਣਾਲੀ ਰਾਹੀਂ ਆਪਣੇ ਅੰਦਰੂਨੀ ਅਮਲ ਰਾਹੀਂ ਚੁਣੇਗਾ। ਕਿਸੇ ਹੋਰ ਵਰਗ ਦਾ ਇਸ ਅਮਲ ਵਿਚ ਕੋਈ ਦਖਲ ਨਹੀਂ ਹੋਏਗਾ।

ਖਾਲਿਸਤਾਨ ਵਿਚ ਮੰਨੂਵਾਦ ਨੂੰ ਰਦ ਕੀਤਾ ਜਾਵੇਗਾ ਪਰ ਵਰਣ-ਜਾਤ ਜਾਂ ਧਾਰਮਿਕ ਮਾਨਤਾਵਾਂ ਕਰਕੇ ਕਿਸੇ ਵੀ ਵਰਗ ਦੇ ਹਿੰਦੂ ਨਾਲ ਨਫਰਤ ਜਾਂ ਵਿਤਕਰੇ ਦੀ ਕੋਈ ਥਾਂ ਨਹੀਂ ਹੋਏਗੀ। ਗੁਰਮਤਿ ਦੇ ਗਲਬਾ ਰਹਿਤ, ਬਰਾਬਰਤਾ ਤੇ ਸਾਂਝੀਵਾਲਤਾ ਵਾਲੇ ਆਦਰਸ਼ਾਂ ਅਨੁਸਾਰ ਹਰ ਬਸ਼ਿੰਦੇ ਤੇ ਮਨੁੱਖੀ ਸਮੂਹ ਨੂੰ ਇਨਸਾਫ ਮਿਲੇਗਾ।

ਗੁਰਮਤਿ ਦੇ ਆਦਰਸ਼ਾਂ ਅਨੁਸਾਰ ਨਵਾਂ ਆਰਥਕ ਪਰਬੰਧ ਸਿਰਜ ਕੇ ਧੰਨ-ਮਾਲ ਦੇ ਸਰੋਤਾਂ ਉਦਯੋਗ, ਵਪਾਰ, ਨਕਦ ਕਰੰਸੀ, ਨਿਵੇਸ਼, ਬੈਂਕਿੰਗ, ਨੌਕਰੀ, ਵਪਾਰਕ ਤੇ ਅਹਿਮ ਰਹਾਇਸ਼ੀ ਜਮੀਨਾਂ ਤੇ ਡਿਜਟਲ ਤਾਣਾ-ਬਾਣਾ ਆਦਿਕ ਤੋਂ ਰਵਾਇਤੀ ਸ਼ੋਸ਼ਣਕਾਰੀ ਜਾਤੀਆਂ ਤੇ ਕਾਰਪੋਰੇਟ ਘਰਾਣਿਆਂ ਦਾ ਗਲਬਾ ਹਟਾ ਕੇ ਸਭ ਲਈ ਆਰਥਕ ਖੁਸ਼ਹਾਲੀ ਦੇ ਬਰਾਬਰ ਮੌਕੇ ਮੁਹਈਆ ਕਰਵਾਏ ਜਾਣਗੇ। ਅਜਾਰੇਦਾਰੀ ਦੀ ਮਨਾਹੀ ਹੋਵੇਗੀ।

ਖੇਤੀ ਬਾੜੀ ਜਮੀਨ ਨੂੰ ਅਸੀਂ ਸਿਰਫ ਇਕ ਪੈਦਾਵਾਰ ਦਾ ਸਾਧਨ ਹੀ ਨਹੀਂ ਸਮਝਦੇ ਸਗੋਂ ਖੁਦਮੁਖਤਿਆਰੀ ਦੀ ਜਾਮਨ ਸਮਝਦੇ ਹਾਂ ਇਸ ਲਈ ਖੇਤੀ ਬਾੜੀ ਦੀ ਜਮੀਨ ਖਾਲਸਾ ਰਾਜ ਦੇ ਸਿਧਾਂਤ ਅਨੁਸਾਰ ਸਭ ਹਲ ਵਾਹਕਾਂ ਤੇ ਬਸ਼ਿੰਦਿਆਂ ਵਿਚਕਾਰ ਵੰਡਣ ਲਈ ਨਵੀਂ ਨੀਤੀ ਬਣਾਈ ਜਾਏਗੀ।

ਸਭਿਅਤਾ ਦੀ ਹੰਢਣਸਾਰਤਾ ਲਈ ਬੁਨਿਆਦੀ ਸਾਂਝੀਆਂ ਲੋੜਾਂ ਜਿਵੇਂ ਪਾਣੀ, ਅੰਨ, ਊਰਜਾ, ਰਹਾਇਸ਼ ਆਦਿ ਸਭ ਬਸ਼ਿੰਦਿਆ ਲਈ ਇਕਰਸ ਮੁਹਈਆ ਕਰਵਾਉਣਾ ਰਾਜ ਦਾ ਫਰਜ ਪਰਵਾਨ ਕਰਦੇ ਹਾਂ।

ਵਰਤਮਾਨ ਸਮੇਂ ਵਿਚ ਰਾਜ ਸਾਂਝੇ ਭਾਈਚਾਰਕ ਕਾਰਜਾਂ ਜਿਵੇਂ ਵਿਦਿਆ, ਸਿਹਤ, ਵਾਤਾਵਰਣ ਸੁਰਖਿਆ ਇਤਿਆਦਿਕ ਦੇ ਨਿਰਵਿਘਨ ਪਰਬੰਧਨ ਲਈ ਜਿੰਮੇਵਾਰ ਮੰਨਿਆ ਜਾਂਦਾ ਹੈ।

ਕੁਦਰਤੀ ਸਰੋਤਾਂ (ਪਾਣੀ, ਜਮੀਨ, ਜੰਗਲ, ਮਿਟੀ/ਰੇਤ/ਪਥਰ ਆਦਿਕ) ਦਾ ਸ਼ੋਸ਼ਣ ਰੋਕਣ ਅਤੇ ਹੰਢਣਸਾਰਤਾ ਬਣਾਈ ਰਖਣ ਲਈ ਇਹਨਾਂ ਦੀ ਮਾਲਕੀ ਵਰਤਮਾਨ ਸਮੇਂ ਦੇ ਮਲਿਕ ਭਾਗੋਆਂ ਤੋਂ ਛਡਵਾਉਣ ਲਈ ਨਵੀਂ ਨੀਤੀ ਬਣਾਈ ਜਾਵੇਗੀ ਤਾਂ ਕਿ ਕੁਦਰਤੀ ਸਰੋਤਾਂ ਦਾ ਸ਼ੋਸ਼ਣ ਰੁਕ ਸਕੇ ਅਤੇ ਭਾਈ ਲਾਲੋ ਜੀ ਦੇ ਵਾਰਸ ਉਦਮੀ ਤੇ ਕਿਰਤੀ ਵਰਗ ਦੇ ਹਿਤਾਂ ਉੱਤੇ ਜਰਬ ਨਾ ਆਏ।

ਪੰਜਾਬ ਦੇ ਲੋਕਾਂ ਲਈ, ਲੋਕਾਂ ਦੀ ਲੋੜ ਅਨੁਸਾਰ ਬੁਨਿਆਦੀ ਢਾਂਚੇ ਦੀ ਉਸਾਰੀ ਕੀਤੀ ਜਾ ਸਕੇ, ਨਾ ਕਿ ਸਰਕਾਰ ਜਾਂ ਕਾਰਪੋਰੇਟ ਘਰਾਣਿਆਂ ਦੀਆਂ ਲੋੜ ਅਨੁਸਾਰ।

ਪਰਸ਼ਾਸਕੀ ਪਰਣਾਲੀ ਕੇਂਦਰੀਕ੍ਰਿਤ ਦਰਜਾਬੰਦੀ ਅਧਾਰਤ ਹੈਂਕੜਬਾਜ ਅਫਸਰਸ਼ਾਹੀ ਨਹੀਂ ਹੋਵੇਗੀ ਸਗੋਂ ਪਰਬੰਧਕੀ ਕੰਮ-ਕਾਜ ਵਿਚ ਸਮਾਜ ਅਤੇ ਜਨਤਾ ਦੀ ਮਿਲਵਰਤਣ ਅਤੇ ਪੂਰੀ ਸਾਂਝੇਦਾਰੀ ਹੋਵੇਗੀ।

ਸਭ ਬਸ਼ਿੰਦੇ ਸਵੈਮਾਣ ਨਾਲ ਜੀਉ ਸਕਣ ਇਸ ਲਈ ਹਰ ਪਰਕਾਰ ਦੇ ਸਰਕਾਰੀ ਤੇ ਗੈਰਸਰਕਾਰੀ ਜਰਵਾਣੇ, ਧਾੜਵੀਆਂ ਤੇ ਠਗਾਂ ਦੇ ਟੋਲਿਆਂ ਤੇ ਅਖੜ ਬਸ਼ਿੰਦਿਆਂ ਤੋਂ ਸਮੂਹ ਭਾਈਚਾਰੇ ਲਈ ਸੁਰਖਿਆ ਯਕੀਨੀ ਬਣਾਉਣੀ ਰਾਜ ਦਾ ਮੁਢਲਾ ਫਰਜ ਹੋਏਗਾ। ਪਿੰਡਾਂ ਦੀ ਪੱਧਰ ’ਤੇ ਉਥੋਂ ਦੀ ਵਸੋਂ ਨੂੰ ਪੂਰੀ ਤਰ੍ਹਾਂ ਦੀਵਾਨੀ, ਫੌਜਦਾਰੀ, ਨਵ-ਉਸਾਰੀ, ਅਤੇ ਨਿਆਂ ਅਨੁਸ਼ਾਸ਼ਨ ਕਰਨ ਵਿਚ ਭਾਈਵਾਲ ਬਣਾਇਆ ਜਾਵੇਗਾ।

**ਖਾਲਿਸਤਾਨ – ਗੁਰਦੁਆਰਾ ਪਰੰਪਰਾ ਅਤੇ ਨਿਸ਼ਕਾਮ ਸੇਵਾ ਦਾ ਵਿਆਪਕ ਰੂਪ:**

ਅਖੌਤੀ ਮਾਡਰਨ ਫਲਸਫੇ ’ਤੇ ਅਧਾਰਤ ਰਾਜ ਨੇ ਸਮਾਜ ਦੀਆਂ ਜੋ ਜਿੰਮੇਵਾਰੀਆਂ ੨੦ਵੀਂ ਸਦੀ ਵਿਚ ਓਟੀਆਂ ਹਨ, ਸਿਖਾਂ ਦੇ ਗੁਰਦੁਆਰੇ ਇਹ ਕਾਰਜ ਪਿਛਲੀਆਂ ਲਗਭਗ ਪੰਜ ਸਦੀਆਂ ਤੋਂ ਕਰਦੇ ਆ ਰਹੇ ਹਨ। ਜਿਵੇਂ ਲੰਗਰ ਦੇ ਰੂਪ ਵਿਚ ਅੰਨ, ਖੂਹਾਂ-ਬਾਉਲੀ ਤੇ ਸਰੋਵਰਾਂ ਦੇ ਰੂਪ ਵਿਚ ਪਾਣੀ, ਸਰਾਂ ਦੇ ਰੂਪ ਵਿਚ ਰਾਹੀ ਲਈ ਰਹਾਇਸ਼, ਵਿਦਿਆਲੇ ਦੇ ਰੂਪ ਵਿਚ ਵਿਦਿਆ, ਵੈਦ ਤੇ ਸਫਾਖਾਨੇ ਦੇ ਰੂਪ ਵਿਚ ਸਿਹਤ ਸਹੂਲਤਾਂ, ਸਿਖ ਜਗਤ ਵਿਚ ਬਾਗਾਂ-ਬਗੀਚਿਆਂ ਦੀ ਲਗਵਾਈ ਤੇ ਤਲਾਬਾਂ ਦੀ ਸਫਾਈ ਦੇ ਰੂਪ ਵਿਚ ਵਾਤਾਵਰਣ ਦੀ ਸੰਭਾਲ ਆਦਿ ਕਾਰਜ ਬਿਨਾ ਕਿਸੇ ਭਿੰਨ ਭੇਦ ਦੇ ਕਿਸੇ ਨਾ ਕਿਸੇ ਰੂਪ ਵਿਚ ਦੁਨੀਆਂ ਭਰ ਦੇ ਗੁਰਦੁਆਰੇ ਤੇ ਸਿਖ ਜਥੇਬੰਦੀਆਂ ਲਗਾਤਾਰ ਕਰਦੇ ਰਹਿੰਦੇ ਹਨ।

ਜਿੱਥੇ ਅਖੌਤੀ ਮਾਡਰਨ ਰਾਜ ਤੇ ਰਾਜ ਦੇ ਕਾਰਪੋਰੇਟ ਘਰਾਣੇ ਇਹਨਾਂ ਕਾਰਜਾਂ ਨੂੰ ਲੋਕਾਂ ’ਤੇ ਆਪਣਾ ਗਲਬਾ ਪਾਉਣ, ਮਨੁੱਖ ਦਾ ਸਰਕਾਰੀ ਮਰਜੀ ਅਨੁਸਾਰ ਕਿਰਦਾਰ ਘੜ੍ਹਨ ਤੇ ਆਮਦਨ ਦੇ ਸਰੋਤ ਵਜੋਂ ਇਸਤੇਮਾਲ ਕਰਨ ਲਈ ਕਰਦੇ ਹਨ, ਉੱਥੇ ਉਪਰੋਕਤ ਕਾਰਜ ਕਰਨੇ ਸਿਖਾਂ ਲਈ ਨਿਸ਼ਕਾਮ ਸੇਵਾ ਹੈ।

## ਖਾਲਿਸਤਾਨ ਦੇ ਕੁਝ ਗੁਣ

‘ਖਾਲਸਾ ਜੀਓ ਦੀ ਪਾਤਿਸ਼ਾਹੀ’, ‘ਖਾਲਸਾ ਜੀ ਕੇ ਬੋਲ-ਬਾਲੇ’ ਜਾਂ ‘ਖਾਲਸਾ ਰਾਜ’ ਦੇ ਆਦਰਸ਼ ਨਾਲ ਵਚਨਬੱਧਤਾ ਦਾ ਭਾਵ ਸਿਰਫ ਸਿਖਾਂ ਦੇ ਹਿਤਾਂ ਲਈ ਰਾਜ ਸਥਾਪਿਤ ਕਰਨਾ ਹਰਗਿਜ਼ ਨਹੀਂ ਹੈ। ਖਾਲਸਾ ਜੀਓ ਦਾ ਆਦਰਸ਼ ਤੇ ਇਤਿਹਾਸ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਖਾਲਸਾ ਰਾਜ ਸਿਰਫ ਸਿਖਾਂ ਵਾਸਤੇ ਇਕ ਨਸਲੀ ਰਾਜ (ਐਥਨਿਕ ਸਟੇਟ) ਜਾਂ ਜਬਰ ਕਰਨ ਦਾ ਤੰਤਰ ਜਾਂ ਦੂਜਿਆਂ ਉੱਤੇ ਗਲਬਾ ਪਾਉਣ ਵਾਲਾ ਸਾਮਰਾਜ ਨਹੀਂ ਹੋਵੇਗਾ।

ਖਾਲਿਸਤਾਨ ਸੰਗਰਾਮ ਸਿਰਫ ਆਪਣੀ ਸਵੈ ਪਛਾਣ ਅਤੇ ਸਵੈ ਹੋਂਦ ਨੂੰ ਬਚਾਉਣ ਲਈ ਅਸੁਰੱਖਿਆ ਦੀ ਬਿਰਤੀ ਦੀ ਪੈਦਾਵਾਰ ਨਹੀਂ ਹੈ ਸਗੋਂ ਗੁਰੂ ਖਾਲਸਾ ਪੰਥ ਨੂੰ ਸੱਚੇ ਪਾਤਿਸਾਹ ਸਤਿਗੁਰੂ ਨਾਨਕ ਸਾਹਿਬ ਜੀ ਵੱਲੋਂ ਬਖਸ਼ੀ ਪਾਤਿਸਾਹੀ ਦਾ ਹਲਤਮੁਖੀ ਰਾਜਸੀ ਸਤਾ ਦੇ ਪ੍ਰਗਟਾਵਾ ਵਜੋਂ ਜੁਗੋ-ਜੁਗ ਅਟੱਲ ਤੇ ਜਰੂਰੀ ਪਹਿਲੂ ਹੈ।

ਸਦੀਆਂ ਤੋਂ ਹੀ ਖਾਲਸਾ ਜੀਓ ਦਾ ਸੰਗਰਾਮ ਕਦੇ ਵੀ ਨਿਜ-ਸਵਾਰਥ ਜਾਂ ਧਕੜ-ਕਟੜ ਮਜ਼ਬੀ ਤਰੰਗ ਉੱਤੇ ਅਧਾਰਤ ਸੰਪਰਦਾਇਕ ਲਹਿਰ ਨਹੀਂ ਰਿਹਾ। ਬਲਕਿ ਹਰ ਦੌਰ ਵਿਚ ਖਾਲਸਾ ਜੀਓ ਦਾ ਧਰਮ ਯੁਧ ਸਾਂਝੀਵਾਲਤਾ ਉੱਤੇ ਅਧਾਰਤ ‘ਹਲੇਮੀ ਰਾਜ’ ਦੇ ਸਿਧਾਂਤ ਨੂੰ ਮੂਰਤੀਮਾਨ ਕਰਨ ਲਈ ਸੀ।

ਸਿਖ ਰਾਜਸੀ ਬਣਤਰ ਕਿਸੇ ਇਕ-ਇਕਹਿਰੀ ਪਛਾਣ ਦੀ ਚੌਧਰ ਜਾਂ ਨਾਗਰਿਕਾਂ ਦੀ ਬਹੁਗਿਣਤੀ ਉੱਤੇ ਅਧਾਰਤ ਘੱਟਗਿਣਤੀਆਂ ਜਾਂ ਹੋਰ ਪਹਿਚਾਣਾਂ ਵਾਲੇ ਭਾਈਚਾਰੇ ਨੂੰ ਹਾਸ਼ੀਏ ਤੋਂ ਬਾਹਰ ਕੱਢਣ ਦੇ ਤਰਕ ਉੱਤੇ ਨਹੀਂ ਸਿਰਜੀ ਜਾਏਗੀ। ਸਿਖਾਂ ਦੇ ਰਾਜਸੀ ਭਾਈਚਾਰੇ ਦਾ ਅਧਾਰ ਸੰਗਤ ਹੈ। ਆਪਣੇ ਮੌਲਿਕ ਚਰਿੱਤਰ ਕਰਕੇ 'ਸੰਗਤ' ਦਾ ਸਿਧਾਂਤ ਇਹ ਯਕੀਨੀ ਬਣਾਉਂਦਾ ਹੈ ਕਿ ਸਿਖ ਰਾਜਨੀਤਕ ਭਾਈਚਾਰੇ ਵਿਚ ਸ਼ਮੂਲੀਅਤ ਦਾ ਅਧਾਰ ਇਕ ਰਾਸ਼ਟਰੀ ਹਉਂ 'ਚੋ ਉਸਾਰਿਆ ਗਿਆ "ਸਿਰਫ ਅਸੀਂ" ਕੇਂਦਰਿਤ ਸਮੂਹ ਨਾ ਹੋ ਕਰ ਕੇ ਕਾਇਨਾਤ ਦੀ ਵੰਨ-ਸੁਵੰਨਤਾ ਭਰੀ ਸਹਿ-ਹੋਂਦ ਹੋਵੇਗੀ।

ਗੁਰਮਤਿ ਅਧਾਰਤ ਭਾਈਚਾਰਕ, ਰਾਜਸੀ ਅਤੇ ਆਰਥਕ ਢਾਂਚੇ ਰੱਬੀ ਹੁਕਮ ਵਿਚ ਵਿਗਸ ਰਹੀ ਕੁਦਰਤ ਨਾਲ ਤਾਲਮੇਲ ਵਿਚ ਚੱਲਦੇ ਹੋਏ ਵੰਨ-ਸੁਵੰਨਤਾ ਵਾਲੇ ਭਾਈਚਾਰਿਆਂ ਅਤੇ ਮਤਾਂ-ਮਜ਼੍ਹਬਾਂ ਦੇ ਵਿਗਾਸ ਹਿਤ ਸਰਬੱਤ ਦੇ ਭਲੇ ਨੂੰ ਪਹਿਲ ਦਿੰਦੇ ਹਨ।

ਸੋ ਇਸ ਵਿਰਾਸਤ ਤਹਿਤ, ਖਾਲਿਸਤਾਨ ਲਈ ਚੱਲ ਰਿਹਾ ਧਰਮ ਯੁਧ ਗੁਰੂ ਸਾਹਿਬ ਵੱਲੋਂ ਬਖਸ਼ੀ ਸਦੀਵੀ ਪਾਤਿਸਾਹੀ ਦਾ ਖਾਸ ਸਮੇਂ ਅਤੇ ਸਥਾਨ ਵਿਚ ਵਿਹਾਰਕ ਰਾਜਸੀ ਸੱਤਾ ਵਜੋਂ ਪ੍ਰਗਟਾਵਾ ਹੈ ਅਤੇ ਗੁਰਮਤਿ ਦੇ ਆਦਰਸ਼ ਅਨੁਸਾਰ ਇਕ ਸੁਤੰਤਰ ਸਮਾਜ-ਰਾਜ ਦੀ ਸਿਰਜਣਾ ਦੀ ਜੱਦੋ-ਜਹਿਦ ਹੈ। ਇਹ ਸੰਗਰਾਮ ਬਿਪਰ ਇੰਡੀਅਨ ਸਾਮਰਾਜ ਦੀ ਮੌਜੂਦਾ ਬਣਤਰ, ਪੂੰਜੀਵਾਦੀ ਲੁੱਟ-ਖਸੁੱਟ ਅਤੇ ਬਿਪਰ ਦੇ ਜਾਤ-ਪਾਤ ਅਧਾਰਤ ਗਲਬੇ ਨੂੰ ਖਤਮ ਕਰਕੇ ਇਸ ਖਿਤੇ ਦੀ ਨਪੀੜੀ ਹੋਈ ਸਮੁਚੀ ਲੋਕਾਈ ਦੀ ਅਜਾਦੀ ਦੀ ਮੁਹਿੰਮ ਨੂੰ ਅਗੇ ਵਧਾਉਣ ਦੀ ਇਕ ਕ੍ਰਾਂਤੀਕਾਰੀ ਬਗਾਵਤ ਵਜੋਂ ਸ਼ੁਰੂ ਹੋਇਆ ਹੈ।

## ਭਵਿੱਖਤ ਕਦਮਾਂ ਲਈ - ਨੀਤੀਗਤ ਸੇਧਾਂ

ਅੱਜ ਦੇ ਇਸ ਇਤਿਹਾਸਕ ਦਿਹਾੜੇ ਉੱਤੇ ਅਗਲੇਰੇ ਕਦਮ ਚੁੱਕਣ ਅਸੀਂ ਹੇਠ ਲਿਖੀ ਨੀਤੀ ਖਾਲਸਾ ਪੰਥ ਅਤੇ ਗੁਰਸੰਗਤਿ ਦੇ ਸਨਮੁਖ ਸਾਂਝੀ ਕਰ ਰਹੇ ਹਾਂ:

੧)ਅਸੀਂ ੧੯੪੭ ਵਿਚ ਫਿਰੰਗੀ ਵੱਲੋਂ ਦੱਖਣ ਏਸ਼ੀਆ ਦੇ ਇਸ ਖਿਤੇ ਦੀ ਹਿੰਦੂ ਤੇ ਮੁਸਲਿਮ ਦੋ ਕੌਮਾਂ ਦੇ ਸਿਧਾਂਤ ਦੇ ਅਧਾਰ ਉੱਤੇ ਕੀਤੀ ਗਈ ਵੰਡ ਨੂੰ ਗਲਤ ਮੰਨਦੇ ਹਾਂ। ਅਸੀਂ ਸ੍ਰੀ ਅੰਮ੍ਰਿਤਸਰ ਐਲਾਨਨਾਮੇ ਵਿਚ ਦਰਜ ਭਾਵਨਾ ਅਨੁਸਾਰ ਦੱਖਣ ਏਸ਼ੀਆ ਦੇ ਇਸ ਖਿਤੇ ਨੂੰ ਵੱਖ-ਵੱਖ ਮਤਿ-ਮਜ਼੍ਹਬ, ਵਿਸ਼ਵਾਸ਼ਾਂ-ਮਾਨਤਾਵਾਂ, ਸਭਿਆਚਾਰਕ ਕੌਮਾਂ, ਨਸਲਾਂ ਤੇ ਇਤਿਹਾਸਕ ਰਾਜਾਂ-ਰਿਆਸਤਾਂ ਵਾਲਾ ਵੰਨ-ਸੁਵੰਨਤਾ ਭਰਪੂਰ ਖਿੱਤਾ ਮੰਨਦੇ ਹਾਂ। ਇਸ ਲਈ ਇਸ ਖਿਤੇ ਦੀ ਮੁੜ ਘਾੜਤ ਕੀਤੀ ਜਾਣੀ ਜਰੂਰੀ ਸਮਝਦੇ ਹਾਂ ਤਾਂ ਕਿ ਇਥੇ ਦੀਆਂ ਵੱਖ-ਵੱਖ ਪਹਿਚਾਣਾਂ ਵਾਲੇ ਸਮੂਹ ਸੁਤੰਤਰਤਾ ਦਾ ਨਿਘ ਮਾਣ ਸਕਣ।

੨) ੨੯ ਅਪਰੈਲ ੧੯੮੬ ਦੇ ਐਲਾਨਨਾਮੇ ਵਿਚ ਪੰਜ ਮੈਂਬਰੀ ਪੰਥਕ ਕਮੇਟੀ ਵੱਲੋਂ ਉਸ ਵਕਤ "ਦੁਨੀਆਂ ਦੀਆਂ ਸਭ ਸਰਕਾਰਾਂ/ਹੁਕਮਤਾਂ, ਖਾਸ ਕਰਕੇ ਅਮਰੀਕਾ (ਯੂ.ਐਸ.ਏ.), ਇੰਗਲੈਂਡ, ਪਾਕਿਸਤਾਨ, ਚੀਨ, ਕਨੇਡਾ, ਵੈਸਟ ਜਰਮਨੀ ਅਤੇ ਵਾਰਸਾ ਸੰਧੀ ਦੇਸਾਂ ਇਟਲੀ, ਫਰਾਂਸ, ਜਪਾਨ, ਸ੍ਰੀਲੰਕਾ, ਨੇਪਾਲ, ਬਰਮਾ, ਭੂਟਾਨ, ਬੰਗਲਾ ਦੇਸ਼, ਇਰਾਨ, ਇਰਾਕ, ਸਾਊਦੀ ਅਰਬ, ਇਜ਼ਰਾਇਲ, ਇਕਵਡੋਰ" ਸਮੇਤ ਯੂ.ਐਨ. ਤੇ ਉਸ ਦੇ ਸਾਰੇ ਮੈਂਬਰ ਦੇਸਾਂ ਨੂੰ ਖਾਲਿਸਤਾਨ ਨੂੰ ਮਾਨਤਾ ਦੇਣ ਦਾ ਹੋਕਾ ਦਿੱਤਾ ਗਿਆ ਸੀ। ਇਸੇ ਤਹਿਤ ਖਾਲਿਸਤਾਨ ਦੀ ਮਾਨਤਾ ਪਰਾਪਤ ਕਰਨ ਲਈ ਵੱਖ-ਵੱਖ ਮੁਲਕਾਂ ਦੀਆਂ ਸਰਕਾਰਾਂ ਅਤੇ ਅੰਤਰਰਾਸ਼ਟਰੀ ਸੰਸਥਾਨਾਂ ਨਾਲ ਕੀਤੇ ਜਾ ਰਹੇ ਕੂਟਨੀਤਿਕ ਯਤਨਾਂ ਨੂੰ ਸੰਸਥਾਗਤ ਰੂਪ ਦਿੱਤਾ ਜਾਵੇ।

੩) ਵਿਸ਼ਵ ਭਾਈਚਾਰੇ ਦੇ ਸਨਮੁਖ ਸੁਤੰਤਰ ਖਾਲਿਸਤਾਨ ਦੇ ਆਦਰਸ਼ਾਂ, ਸਿਧਾਂਤਾਂ ਅਤੇ ਨੈਤਿਕ ਅਸੂਲਾਂ ਨੂੰ ਬੁਲੰਦ ਅਵਾਜ ਵਿਚ ਪੇਸ਼ ਕਰਨ ਲਈ ਸੰਗਰਾਮ ਕਰ ਰਹੇ ਹੋਰ ਜਨ-ਸਮੂਹਾਂ, ਸੰਗਰਾਮ ਪੱਖੀ ਸਰਕਾਰਾਂ ਅਤੇ ਅੰਤਰਰਾਸ਼ਟਰੀ ਸੰਸਥਾਨਾਂ ਨਾਲ ਸੰਬੰਧ ਮਜਬੂਤ ਕਰਨ ਲਈ ਅਤੇ ਸਹਿਯੋਗ ਲਈ ਸਥਾਈ ਪ੍ਰਣਾਲੀਆਂ ਵਿਕਸਤ ਕੀਤੀਆਂ ਜਾਣ।

੪) ਬਿਪਰ ਇੰਡੀਅਨ ਸਾਮਰਾਜ ਵੱਲੋਂ ਹੋ ਰਹੇ ਜੁਲਮ ਵਿਚ ਸ਼ਾਮਲ ਅਪਰਾਧੀਆਂ ਨੂੰ ਜਵਾਬਦੇਹ ਬਣਾਉਣ ਲਈ ਪੰਜਾਬ ਵਿਚ ਮਨੁੱਖੀ ਅਧਿਕਾਰ ਉਲੰਘਣਾਵਾਂ ਅਤੇ ਕੁਦਰਤੀ ਸਰੋਤਾਂ ਦੀ ਲੁੱਟ ਸਬੰਧੀ ਦਸਤਾਵੇਜੀਕਰਨ ਕਰਕੇ ਸਬੂਤ ਇਕੱਠੇ ਕਰਨ, ਸੰਭਾਲਣ ਅਤੇ ਵਿਸ਼ਵ ਪੱਧਰ ਤਕ ਪੈਰਵਾਈ ਕਰਨ ਹਿਤ ਸੰਸਥਾਗਤ ਪ੍ਰਣਾਲੀ ਵਿਕਸਤ ਕੀਤੀ ਜਾਵੇ।

੫) ਅਜਾਦ ਖਾਲਿਸਤਾਨ ਦੇ ਵਿਧਾਨ ਤੇ ਸ਼ਾਸਨ ਲਈ ਬੁਨਿਆਦੀ ਪਰਣਾਲੀਆਂ ਦੀ ਰੂਪ-ਰੇਖਾ ਦਾ ਵਿਸਥਾਰਤ ਦਸਤਾਵੇਜ ਤਿਆਰ ਕੀਤਾ ਜਾਵੇ।

੬) ਸਾਂਝੀ ਪੰਥਕ ਤਾਕਤ ਦੇ ਵਿਕਾਸ ਲਈ ਸਪਸ਼ਟ ਰਣਨੀਤਕ ਸੇਧਾਂ ਤਿਆਰ ਕਰਕੇ ਦਸਤਾਵੇਜ ਜਾਰੀ ਕੀਤਾ ਜਾਵੇ।

੭) ਸੰਸਾਰ ਭਰ ਦੀ ਗੁਰ-ਸੰਗਤਿ ਅਤੇ ਪੰਜਾਬ ਦੇ ਵੱਖ-ਵੱਖ ਭਾਈਚਾਰਿਆਂ ਨਾਲ ਸਾਂਝੀਆਂ ਚਣੌਤੀਆਂ ਤੇ ਸੰਭਾਵਨਾਵਾਂ ਦੇ ਵਿਚਾਰ ਹਿਤ ਨਿਯਮਿਤ ਸੰਵਾਦ ਲਈ ਪਰਣਾਲੀ ਵਿਕਸਤ ਕੀਤੀ ਜਾਵੇ।

੮) ਜੰਗ-ਏ-ਅਜਾਦੀ ਦੇ ਬੀਤੇ ਤੇ ਮੌਜੂਦਾ ਅਮਲ ਦੀ ਅੰਦਰੂਨੀ ਪੜਚੋਲ ਲਈ ਪਰਣਾਲੀ ਵਿਕਸਤ ਕੀਤੀ ਜਾਏ।

੯) ਮੌਜੂਦਾ ਅਸਥਿਰ ਦੌਰ ਵਿਚ ਸੰਗਤ ਦੀ ਅਗਵਾਈ ਅਤੇ ਸਾਂਝੇ ਫੈਸਲਿਆਂ ਉੱਤੇ ਨਿਸ਼ਠਾ ਕਾਇਮ ਰੱਖਣ ਲਈ 'ਪੰਚ-ਪਰਧਾਨੀ' ਅਤੇ 'ਗੁਰਮਤਾ' ਜੁਗਤ ਅਨੁਸਾਰ ਖਾਲਿਸਤਾਨ ਦੀ ਅਗਵਾਈ ਦਾ ਇਕ ਸਾਂਝਾ ਅਤੇ ਸੰਗਤੀ ਮੰਚ ਸਥਾਪਤ ਕੀਤਾ ਜਾਵੇ, ਜਿਸ ਵਿਚ ਹਰ ਜਥੇ ਦੀ ਖੁਦਮੁਖਤਿਆਰ ਹਸਤੀ ਕਾਇਮ ਰਹੇ।

੧੦) ਗੁਰੂ ਖਾਲਸਾ ਪੰਥ ਨੂੰ ਸਹੀ ਰੂਪ ਵਿਚ ਜਥੇਬੰਦ ਕਰਨ ਲਈ ਗੁਰਸੰਗਤਿ ਦੇ ਅੰਦਰੂਨੀ ਜਥਿਆਂ ਦੀ ਬਣਤਰ ਨੂੰ ਰਵਾਇਤੀ ਖਾਲਸਾਈ ਜੁਗਤ ਅਨੁਸਾਰ ਮੁੜ-ਸੁਰਜੀਤ ਕਰਨ ਲਈ ਯਤਨ ਕੀਤੇ ਜਾਣ।

੧੧) ਜੰਗ-ਏ-ਅਜਾਦੀ, ਪੰਥਕ ਸੰਸਥਾਨਾਂ ਤੇ ਜਥਿਆਂ ਲਈ ਸਹੀ ਅਗਵਾਈ ਨੂੰ ਉਭਾਰਨ ਅਤੇ ਆਮ ਗੁਰਸੰਗਤਿ ਵਿਚ ਪੰਥਕ ਚਰਿੱਤਰ ਦੀ ਘਾੜਤ ਘੜਨ ਲਈ ਸਿਖ ਜਥੇਬੰਦੀਆਂ ਅਤੇ ਸੰਸਥਾਨਾਂ ਵਿਚ ਸਖਸ਼ੀ ਅਤੇ ਪੰਥਕ ਰਹਿਤ ਅਧਾਰਤ ਜੀਵਨ ਜੁਗਤਿ ਨੂੰ ਉਤਸ਼ਾਹਿਤ ਕੀਤਾ ਜਾਵੇ।

੧੨) ਬਿਪਰ ਇੰਡੀਅਨ ਸਾਮਰਾਜ ਦੇ ਸੰਵਿਧਾਨਕ ਦਾਇਰੇ ਤੋਂ ਬਾਹਰ ਖਾਲਸਾ ਜੀਓ ਦੀ ਸੁਤੰਤਰ ਪਾਤਸ਼ਾਹੀ ਨੂੰ ਵਿਕਸਿਤ ਕਰਨ ਅਤੇ 'ਖਾਲਸਾ ਜੀ ਕੇ ਬੋਲੇ ਬਾਲੇ' ਦੇ ਸਦੀਵੀ ਪੰਥਕ ਨਿਸ਼ਾਨੇ ਹਿਤ ਜਮੀਨੀ ਪੱਧਰ 'ਤੇ 'ਮੀਰੀ-ਪੀਰੀ' ਦੇ ਸਿਧਾਂਤ ਅਨੁਸਾਰ ਨੌਜਵਾਨਾਂ ਅਤੇ ਗੁਰ-ਸੰਗਤਿ ਦੇ ਸਰਗਰਮ ਸਥਾਨਕ ਖੁਦਮੁਖਤਿਆਰ ਜਥਿਆਂ ਨੂੰ ਉਭਾਰਿਆ ਅਤੇ ਸੰਗਠਿਤ ਕੀਤਾ ਜਾਵੇ।

੧੩) ਮਨ ਅਤੇ ਮਤਿ ਉੱਤੇ ਗਾਲਬ ਲੌਕਿਕ ਪਦਾਰਥਪ੍ਰਸਤ ਅਤੇ ਰਾਜਪ੍ਰਸਤ ਫਲਸਫੇ ਨੂੰ ਤੋੜਨ ਲਈ ਗੁਰਮਤਿ ਗਿਆਨ ਪ੍ਰਣਾਲੀਆਂ ਅਤੇ ਵਿਦਿਆਲਿਆਂ ਨੂੰ ਨਵਿਆਉਂਦਿਆਂ ਪੰਥਕ ਚੇਤਨਾ ਅਤੇ ਵਿਚਾਰਧਾਰਕ ਸਪਸ਼ਟਤਾ ਨੂੰ ਮਜਬੂਤ ਕਰਨ ਵਾਲੀਆਂ ਸਿਖਿਆ ਪ੍ਰਣਾਲੀ ਵਿਕਸਤ ਕੀਤੀ ਜਾਵੇ।

੧੪) ਗੁਰਮਤਿ ਅਧਾਰਤ ਵਿਸ਼ਵਦਰਿਸ਼ਟੀ ਦੇ ਵਿਕਾਸ ਅਤੇ ਪਰਚਾਰ ਲਈ ਸੰਸਾਰ ਪੱਧਰ 'ਤੇ ਸੰਸਥਾਗਤ ਉਪਰਾਲੇ ਕੀਤੇ ਜਾਣ।

## ਅੰਤਿਕਾ

### ਆਦਰਸ਼ਾਂ , ਸਿਧਾਂਤਾਂ ਅਤੇ ਅਸੂਲਾਂ ਦਾ ਸਰੋਤ

ਆਦਰਸ਼ਾਂ ਤੇ ਅਸੂਲਾਂ ਦੇ ਦੋ ਬੁਨਿਆਦੀ ਸਰੋਤ ਹਨ। ਸਤਿਗੁਰੂ ਸਿਰੀ ਅਮਰਦਾਸ ਜੀ ਸਚੇ ਪਾਤਿਸਾਹ ਹਜ਼ੂਰ ਦਾ ਫ਼ੁਰਮਾਨ ਹੈ: "ਲਿਵ ਧਾਤੁ ਦੁਇ ਰਾਹ ਹੈ"।

ਮਨੁੱਖ ਦੇ ਸਾਹਮਣੇ ਦੋ ਰਾਹ ਹਨ। ਇਕ ਲਿਵ ਭਾਵ ਦੀਨ/ਧਰਮ ਦਾ ਰਾਹ ਹੈ ਦੂਸਰਾ ਧਾਤ ਭਾਵ ਦੁਨੀ/ਪਦਾਰਥ ਦਾ ਰਾਹ। ਦੀਨ ਭਾਵ ਗੁਰਮਤਿ ਦਾ ਰਾਹ, ਅਕਾਲਪੁਰਖ ਦੀ ਸਿਰਮੌਰਤਾ ਤੇ ਉਸ ਦੇ ਹੁਕਮ-ਰਜਾ ਵਿਚ ਚਲ ਰਹੀ ਕੁਦਰਤ 'ਤੇ ਆਧਰਤ ਰਾਹ ਹੈ। ਇਹ ਮਾਰਗ ਗੁਰਬਾਣੀ, ਗੁਰ-ਸਾਖੀ ਤੇ ਖਾਲਸਾ ਰਵਾਇਤ ਦੇ ਪਰਸੰਗ ਵਿਚ ਹੈ।

ਦੁਨੀ ਭਾਵ ਪਦਾਰਥ ਦਾ ਰਾਹ ਮਨੁੱਖੀ ਗਿਆਨ ਇੰਦਰੀਆਂ ਤੋਂ ਪੈਦਾ ਹੋਈ ਅਕਲ ਨੂੰ ਸਿਰਮੌਰ ਅਤੇ ਦ੍ਰਿਸ਼ਟਮਾਨ ਸੰਸਾਰ ਨੂੰ ਅੰਤਮ ਸੱਚ ਮੰਨਣ ਦਾ ਮਾਰਗ ਹੈ। ਇਸ ਮਾਰਗ ਦੇ ਸੰਕਲਪ ਵਖ ਵਖ ਦਾਨਿਸ਼ਵਰਾਂ ਵਲੋਂ ਪੇਸ਼ ਕੀਤੇ ਗਏ ਹਨ। ਬਿਪਰ ਤੇ ਮਾਡਰਨਿਜਮ ਇਸ ਦੇ ਹੀ ਰੂਪ ਹਨ।

### ਸਰਬਤ ਦਾ ਭਲਾ — ਬੁਨਿਆਦੀ ਆਦਰਸ਼

'ਸਰਬੱਤ' ਤੋਂ ਸਾਡਾ ਭਾਵ ਸਿਰਫ ਮਨੁੱਖ ਜਾਤੀ ਤੱਕ ਸੀਮਤ ਨਹੀਂ, ਸਗੋਂ ਅਕਾਲ ਪੁਰਖ ਦੀ ਸਮੁੱਚੀ ਸਿਰਜਣਾ—ਮਨੁੱਖ, ਸਭ ਜੀਵ, ਬਨਸਪਤ ਅਤੇ ਕੁਦਰਤੀ ਸਰੋਤ ਜਿਵੇਂ ਪਵਣ, ਪਾਣੀ, ਧਰਤੀ ਅਤੇ ਅਕਾਸ਼—ਨੂੰ ਸਮੇਟਦਾ ਹੈ। 'ਸਰਬੱਤ ਦੇ ਭਲੇ' ਦਾ ਅਰਥ ਸਮਾਜ ਵਿਚ ਸਾਂਝੀਵਾਲਤਾ ਅਤੇ ਸਿਰਜਣਾ ਦੇ ਹਰ ਅੰਗ ਦੀ ਵਿਲੱਖਣ ਹੋਂਦ ਨੂੰ ਕੁਦਰਤੀ ਸਹਿ-ਹੋਂਦ ਅਤੇ ਸੰਤੁਲਨ ਵਿਚ ਰੱਖਣਾ ਹੈ।

ਅਕਾਲ ਪੁਰਖ ਸ੍ਰਿਸ਼ਟੀ ਦੇ ਹਰ ਕਣ ਵਿਚ ਵੱਸਦਾ ਹੈ, ਇਸ ਲਈ ਉਸ ਦੀ ਸਿਰਮੌਰਤਾ ਸਾਰੀ ਸ੍ਰਿਸ਼ਟੀ ਵਿਚ ਸਾਂਝੇ ਤੌਰ 'ਤੇ ਮੌਜੂਦ ਮੰਨੀ ਜਾਂਦੀ ਹੈ। ਇਸ ਤੋਂ ਇਹ ਅਸੂਲ ਨਿਕਲਦਾ ਹੈ ਕਿ ਰਾਜਨੀਤਕ ਢਾਂਚੇ ਸਾਰੇ ਤੱਤਾਂ ਵਿਚ ਸਦਭਾਵਨਾ ਅਤੇ ਤਾਲਮੇਲ ਬਣਾਈ ਰੱਖਣ ਲਈ ਬੱਝੇ ਹੋਣ ਅਤੇ ਕਿਸੇ ਇਕ ਨੂੰ ਦੂਜਿਆਂ ਉੱਤੇ ਗਲਬਾ ਪਾਉਣ ਦਾ ਹੱਕ ਨਾ ਹੋਵੇ। ਇਸ ਲਈ ਉਹੀ ਰਾਜ-ਤੰਤਰ ਮਾਨਤਾ ਯੋਗ ਮੰਨਿਆ ਜਾਂਦਾ ਹੈ ਜੋ ਅਕਾਲ ਪੁਰਖ ਦੀ ਸਿਰਮੌਰਤਾ ਅਨੁਸਾਰ ਸਰਬੱਤ ਦੇ ਭਲੇ ਹਿਤ ਕੰਮ ਕਰੇ।

ਸਰਬੱਤ ਦੇ ਭਲੇ ਦਾ ਆਦਰਸ਼ ਸਿਰਜਣਾ ਦੇ ਸਾਰੇ ਅੰਸ਼ਾਂ ਦੀ ਭਲਾਈ ਅਤੇ ਨਿਆਂ ਨਾਲ ਜੁੜਿਆ ਹੈ। ਗੁਰਮੁਖਾਂ ਦੀ ਨਿੱਜੀ ਰਹਿਣੀ ਅਤੇ ਨਾਮਬਾਣੀ ਦਾ ਅਭਿਆਸ, ਸਾਂਝੇ ਪੰਥਕ ਅਮਲ ਦੌਰਾਨ ਸਰਬੱਤ ਦੇ ਭਲੇ ਅਤੇ ਹਲੇਮੀ ਰਾਜ ਲਈ ਸੰਗਰਾਮ ਦਾ ਰੂਪ ਧਾਰ ਲੈਂਦਾ ਹੈ।

ਇਹ ਸੰਕਲਪ ਸਿਰਫ ਦਾਨ-ਪੁੰਨ ਜਾਂ ਗੈਰ-ਰਾਜਨੀਤਕ ਸੇਵਾ ਨਹੀਂ, ਸਗੋਂ ਕਾਇਨਾਤ ਦੀ ਸੇਵਾ ਅਤੇ ਜਾਬਰ ਤਾਕਤਾਂ ਨੂੰ ਖਤਮ ਕਰਨ ਦੀ ਜਿੰਮੇਵਾਰੀ ਨਾਲ ਜੁੜਿਆ ਹੈ, ਜੋ ਖਾਲਸਾ ਦੀ ਅਗਵਾਈ ਹੇਠ ਸਮਾਜਿਕ ਅਤੇ ਰਾਜਨੀਤਕ ਢਾਂਚੇ ਉਸਾਰ ਕੇ ਹੀ ਸੰਭਵ ਮੰਨੀ ਜਾਂਦੀ ਹੈ।

### ਸਰਬਤ ਦੇ ਭਲੇ ਦੇ ਹਿਤ ਦੁਨੀਆਦਾਰੀ ਢਾਂਚੇ ਸਿਰਜਣ ਵਿਚ ਖਾਲਸਾ ਪੰਥ ਦੀ ਭੂਮਿਕਾ

ਰਾਜਸੀ ਖੇਤਰ ਵਿਚ ਸਾਮਰਾਜ ਤੇ ਨੇਸ਼ਨ-ਸਟੇਟ ਅਤੇ ਸਮਾਜਿਕ-ਧਾਰਮਿਕ ਖੇਤਰ ਵਿਚ ਮੰਨੂ ਮਤਿ—ਇਹ ਸਭ ਬਿਪਰ ਦੀ ਰੀਤ (ਇੰਦਰਿਆਵੀ ਗਿਆਨ-ਹਉਮੈ) ਦੇ ਰੂਪ ਹਨ। ਇਹ ਸਭ ਜਰਵਾਣੇ ਵਜੋਂ ਇਸ ਖਿੱਤੇ ਦੀ ਨਿਤਾਣੀ ਲੋਕਾਈ ਦਾ ਦਮਨ ਕਰ ਰਹੇ ਹਨ। ਖਾਲਸਾ ਪੰਥ ਦਾ ਬਿਰਦ ਜਰਵਾਣੇ ਦੀ ਭੱਖਿਆ ਅਤੇ ਗਰੀਬ (ਨਿਤਾਣੇ) ਦੀ ਰੱਖਿਆ ਕਰਨਾ ਹੈ। ਇਸ ਲਈ ਖਾਲਸਾ ਪੰਥ ਦੀ ਜਿੰਮੇਵਾਰੀ ਬਣਦੀ ਹੈ ਕਿ ਉਹ ਨਿਤਾਣੀ ਲੋਕਾਈ ਦੀ ਧਿਰ ਬਣੇ ਅਤੇ ਸਰਬੱਤ ਦੇ ਭਲੇ ਲਈ ਸੰਗਰਾਮ ਵਿਚ ਮੋਹਰੀ ਭੂਮਿਕਾ ਨਿਭਾਵੇ।

ਇਸ ਖਿੱਤੇ ਵਿਚ ਖਾਲਸਾ ਪੰਥ ਦੀ ਭੂਮਿਕਾ ਦੀ ਨੀਤੀਗਤ ਸੰਭਾਵਨਾ ਨੂੰ ਸਮਝਣਾ ਜਰੂਰੀ ਹੈ। ਪਰ ਇਹ ਭੂਮਿਕਾ ਨਿਭਾਉਂਦੇ ਸਮੇਂ ਵੱਖੋ-ਵੱਖਰੀ ਧਾਰਮਿਕ ਅਤੇ ਸਭਿਆਚਾਰਕ ਭਿੰਨਤਾਵਾਂ ਬਾਰੇ ਸਮਝ ਵੀ ਬਹੁਤ ਜਰੂਰੀ ਹੈ।

### ਦੂਈ ਦਵੈਤ (other) ਸੰਬੰਧੀ ਸਿਧਾਂਤ

ਜਦੋਂ ਗੁਰਮੁਖ ਸੇਵਾ, ਸਿਮਰਨ ਤੇ ਅਕਾਲਪੁਰਖ ਦੀ ਨਦਰਿ-ਕਰਮ ਸਦਕਾ ਝੂਠ ਅਤੇ ਹਉਮੈ ਦੀ ਕੰਧ ਨੂੰ ਢਾਹ ਦਿੰਦੇ ਹਨ, ਤਾਂ ਉਹਨਾਂ ਨੂੰ ੧ੴ ਦੇ ਸਦ-ਨਿਰੰਤਰ ਵਹਾਓ ਤੇ ਪਸਾਰੇ ਦੇ ਦੀਦਾਰ ਹੁੰਦੇ ਹਨ ਅਤੇ ਸ੍ਰਿਸ਼ਟੀ ਦੇ ਹਰ ਕਣ ਵਿਚ ਸਮਾਈ ਅਕਾਲੀ ਤਰੰਗ ਦਾ ਅਹਿਸਾਸ ਹੁੰਦਾ ਹੈ। ਇਸ ਪਰਕਾਰ ਗੁਰਮੁਖ ਦਵੈਤ ਦੇ ਭਰਮ ਨੂੰ ਦੂਰ ਕਰ ਲੈਂਦੇ ਹਨ ਅਤੇ ਇਹ ਸਮਝ ਲੈਂਦੇ ਹਨ ਕਿ ਆਪਣੇ ਆਪ ਤੋਂ ਬਾਹਰ ਕੋਈ "ਦੂਜਾ" ਨਹੀਂ, ਕਿਉਂਕਿ ਕਰਤਾਰ ਕਾਇਨਾਤ ਦੇ ਕਣ-ਕਣ ਵਿਚ ਰਮਿਆ ਹੋਇਆ ਹੈ।

ਇਸ ਲਈ ਕਾਇਨਾਤ ਦੀ ਸਮੁੱਚੀ ਰਚਨਾ ਵਿਚਲੇ ਅਕਾਲੀ ਤੱਤਾਂ ਦਾ ਸਤਿਕਾਰ ਅਤੇ ਸੰਭਾਲ ਕਰਨਾ ਆਪਣੇ ਆਪ ਵਿਚ ਕਰਤੇ ਦੀ ਸੇਵਾ ਹੈ—ਇਹ ਇਕ ਤਰ੍ਹਾਂ ਦੀ ਭਗਤੀ ਹੈ ਜਿਸ ਰਾਹੀਂ ਹਉਮੈ ਦਾ ਨਾਸ ਹੁੰਦਾ ਹੈ ਅਤੇ ਅਕਾਲ ਪੁਰਖ ਨਾਲ ਅਭੇਦਤਾ ਪ੍ਰਾਪਤ ਹੁੰਦੀ ਹੈ। ਇਸ ਲਈ ਸੇਵਾ ਅਤੇ ਸਿਮਰਨ ਕੋਈ ਨਿੱਜੀ ਜਾਂ ਸਿਰਫ ਧਾਰਮਿਕ ਕਰਮ ਨਹੀਂ, ਸਗੋਂ "ਧਰਮ ਯੁਧ" ਦੇ ਬੁਨਿਆਦੀ ਤੇ ਅਨਿੱਖੜਵੇਂ ਕਰਮ ਹਨ, ਜੋ "ਪੂਜਾ ਅਕਾਲ ਕੀ" ਦਾ ਇਕ ਵਿਲੱਖਣ ਰੂਪ ਹਨ।

**ਸਮਾਜ ਦਾ ਗੁਰਮਤਿ ਸਿਧਾਂਤ —ਬੇਗਮਪੁਰਾ**

'ਸਰਬਤ ਦੇ ਭਲੇ' ਦੇ ਆਦਰਸ਼ ਉੱਤੇ ਸਿਰਜੇ ਸਮਾਜ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬੇਗਮਪੁਰਾ ਆਖਿਆ ਗਿਆ ਹੈ। ਪਿਆਰ-ਸਾਂਝੀਵਾਲਤਾ, ਨਿਰਭਉਤਾ-ਨਿਰਵੈਰਤਾ ਅਧਾਰਤ ਇਸ ਸਮਾਜ ਦੇ ਮੁਖ ਗੁਣ ਇਹ ਮੰਨੇ ਗਏ ਹਨ; ਇਹ ਅਕਾਲ ਕੇਂਦਰਤ, ਚਿੰਤਾ ਮੁਕਤ, ਆਰਥਕ ਦਾਬੇ ਤੋਂ ਰਹਿਤ, ਦੰਡ ਮੁਕਤ, ਸਦਾ ਖੈਰ, ਸਦੀਵੀ ਖੁਦਮੁਖਤਿਆਰ ਰੁਤਬੇ, ਬਰਾਬਰਤਾ ਅਧਾਰਤ, ਸੰਤੋਖੀ ਸਦਗੁਣੀ ਸ਼ਹਿਰੀਆਂ, ਵਰਣ-ਜਾਤ ਦੇ ਗਲਬੇ ਤੋਂ ਮੁਕਤ ਤੇ ਪਰਸਪਰ ਮਿਤਰਤਾ ਭਾਵ ਪਰੇਮ ਅਧਾਰਤ ਸਮਾਜ ਉਸਾਰਨ ਦਾ ਆਦਰਸ਼ ਹੈ।

ਸੱਚੇ ਪਾਤਿਸਾਹ ਵੱਲੋਂ ਖਾਲਸਾ ਪੰਥ ਉੱਤੇ ਪਵਿੱਤਰ ਫਰਜ ਆਇਦ ਹੈ ਕਿ ਉਸ ਨੇ ਇਸ ਜਹਾਨ ਨੂੰ ਬੇਗਮਪੁਰਾ ਨਿਆਈ ਬਣਾਉਣ ਲਈ ਯਤਨਸ਼ੀਲ ਰਹਿਣਾ ਹੈ।

ਗੁਰਮਤਿ ਦੀ ਦ੍ਰਿਸ਼ਟੀ ਵਿਚੋਂ ਪਰਗਟ ਹੋਇਆ ਬੇਗਮਪੁਰਾ ਦਾ ਆਸ਼ਾ ਕੋਈ ਮਹਿਜ ਖਿਆਲੀ ਆਦਰਸ਼ਵਾਦ ਨਹੀਂ ਹੈ। ਜਦੋਂ ਸਮੁੱਚੀ ਕਾਇਨਾਤ ਵਿਚ ਵਿਗਸ ਰਹੇ ਅਕਾਲੀ ਪ੍ਰਵਾਹ ਨੂੰ ਚੇਤਨ ਰੂਪ ਵਿਚ ਸਾਂਝੇ ਜੀਵਨ ਦੇ ਨੇਮ-ਵਿਧਾਨ ਵਿਚ ਢਾਲਿਆ ਜਾਂਦਾ ਹੈ ਤਾਂ ਇਸ ਅਮਲ ਵਿਚੋਂ ਬੇਗਮਪੁਰਾ ਕੁਦਰਤੀ ਰੂਪ ਵਿਚ ਇਕ ਸਮਾਜਿਕ ਪ੍ਰਬੰਧ ਵਜੋਂ ਪਰਗਟ ਹੁੰਦਾ ਹੈ। ਬੇਗਮਪੁਰਾ ਦਾ ਇਹ ਆਸ਼ਾ ਨਾ ਸਿਰਫ ਕਿਸੇ ਇਕ ਜਾਤ, ਜਮਾਤ, ਸਮੂਹ ਦੇ ਦੂਜਿਆਂ ਉਤੇ ਗਲਬੇ ਜਾਂ ਉਹਨਾ ਤੋਂ ਉੱਤਮ ਹੋਣ ਦੇ ਖਿਆਲ ਤੋਂ ਮੁਕਤ ਸਮਾਜਿਕ ਨਿਜਾਮ ਹੈ ਬਲਕਿ ਇਹ ਕਾਇਨਾਤ ਉੱਤੇ ਕਿਸੇ ਦੇ ਵੀ ਅਸੀਮ ਗਲਬੇ ਜਾਂ ਤਾਕਤ ਦੇ ਵਿਚਾਰ ਨੂੰ ਵੀ ਰੱਦ ਕਰਦਾ ਹੈ। ਇੰਝ ਬੇਗਮਪੁਰਾ ਵਿਚ ਸੰਗਤ ਰਾਹੀਂ ਤਾਕਤ ਦਾ ਸੰਚਾਰ ਬਿਲਕੁਲ ਜਮੀਨੀ ਪੱਧਰ ਤੱਕ ਹੁੰਦਾ ਹੈ ਤਾਂ ਕਿ ਬਿਲਕੁਲ ਹੇਠਲੇ ਬੁਨਿਆਦੀ ਪੱਧਰ 'ਤੇ ਕੁਦਰਤ ਵੱਲੋਂ ਬਖਸ਼ੀ ਖੁਦਮੁਖਤਿਆਰੀ ਯਕੀਨੀ ਤੌਰ ਉੱਤੇ ਲਾਗੂ ਹੋਵੇ। ਇਥੇ ਪਦਾਰਥਕ ਨਿਰਵਾਹ ਅਤੇ ਖੁਸ਼ਹਾਲੀ ਨੂੰ ਉਤਪਾਦਨ, "ਵਿਕਾਸ" ਜਾਂ "ਫੈਲਾਅ" ਦੇ ਪੈਮਾਨਿਆਂ ਉੱਤੇ ਨਹੀਂ ਮਿੱਥਿਆ ਜਾਂਦਾ, ਬਲਕਿ ਕੁਦਰਤ ਨਾਲ ਟਕਰਾਅ ਦੀਆਂ ਇਹਨਾ ਵਿਧੀਆਂ ਦੀ ਥਾਵੇਂ ਇਥੇ ਨਿਰਵਾਹ ਤੇ ਖੁਸ਼ਹਾਲੀ ਦੇ ਪੈਮਾਨਿਆਂ ਨੂੰ ਪਰਾਦਰਥ ਦੀ ਵਰਤੋਂ ਨੂੰ "ਹੁਕਮ" ਅਤੇ "ਸੰਤੋਖ" ਅਨੁਸਾਰ ਕੁਦਰਤ ਨਾਲ ਤਾਲਮੇਲ ਵਿਚ ਸੋਧਿਤ ਕਰਕੇ ਮਿੱਥਿਆ ਜਾਂਦਾ ਹੈ।

**ਰਾਜ ਦਾ ਗੁਰਮਤਿ ਸਿਧਾਂਤ : ਹਲੇਮੀ ਰਾਜ**

ਹਰ ਸਮਾਜ ਨੂੰ ਅੰਦਰੂਨੀ ਤੇ ਬਾਹਰੀ ਕਲੇਸ਼ਾਂ ਤੋਂ ਸੁਰੱਖਿਅਤ ਰੱਖਣ ਲਈ ਰਾਜਤੰਤਰ ਲੋੜੀਂਦਾ ਹੈ।

ਰਾਜਤੰਤਰ ਦੇ ਗੁਰਮਤਿ ਅਧਾਰਤ ਸਿਧਾਂਤ ਨੂੰ "ਹਲੇਮੀ ਰਾਜ" ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ। ਇਸ ਦਾ ਅਧਾਰ 'ਮੀਰੀ-ਪੀਰੀ', 'ਪੰਥਕ ਧਰਮਯੁਧ', 'ਖਾਲਸਾ ਅਕਾਲਪੁਰਖ ਕੀ ਫੌਜ' ਦੇ ਸਿਧਾਂਤ 'ਹੰਨੇ-ਹੰਨੇ ਮੀਰੀ', 'ਸਾਂਝੀਵਾਲਤਾ' 'ਇਨ ਗਰੀਬ ਸਿਖਨ ਕੋ ਦਿਉ ਪਾਤਸਾਹੀ' ਤੇ 'ਦੇਗੋ ਤੇਗੋ ਫਤਿਹੋ ਨੁਸਰਤ ਬੇਦਰੰਗ' ਦੇ ਅਸੂਲ ਹਨ।

ਹਲੇਮੀ ਰਾਜ ਸਾਂਝੀਵਾਲਤਾ, ਸਵੈਮਾਨ, ਨਿਆਂ, ਸੁਰਖਿਆ, ਅਜਾਦੀ, ਬਰਾਬਰਤਾ, ਬੁਨਿਆਦੀ ਪਦਾਰਥਕ ਲੋੜਾਂ ਦੀ ਪੂਰਤੀ ਆਦਿ ਦੇ ਗੁਣ ਨਾਲ ਲਬਰੇਜ ਤੇ ਬ੍ਰਹਿਮੰਡੀ ਸਹਿਹੋਂਦ ਵਿਚ ਵਿਚਰਦਿਆਂ ਹੋਇਆਂ ਅਕਾਲ ਪੁਰਖੁ ਦੀ ਕਾਇਨਾਤ ਨੂੰ ਬਖਸ਼ੀ ਸੰਗਤੀ ਸਿਰਮੌਰਤਾ ਨਾਲ ਇਕਸੁਰ ਹੈ।

ਇਸ ਵਿਚ ਹਲਤ ਪਲਤ ਦੋਵਾਂ ਦਾ ਮੰਡਨ ਹੈ, ਇਹ ਅਕਾਲਪੁਰਖ ਨੂੰ ਸਚੀ ਸਿਰਮੌਰ ਤਾਕਤ ਮੰਨਦਾ ਹੈ, ਇਹ ਨਾਮ ਕੇਂਦਰਤ ਹੈ, ਇਸ ਲਈ ਇਥੇ ਸਤਾ ਹੰਨੇ-ਹੰਨੇ ਮੀਰੀ ਤੇ ਸਾਂਝੀਵਾਲਤਾ ਅਨੁਸਾਰ ਲੋਕਾਈ ਵਿਚ ਵੰਡੀ ਹੋਈ ਹੈ, ਇਥੇ ਮਨੁੱਖ-ਜੀਵ-ਕੁਦਰਤੀ ਸਰੋਤ ਸਭ ਇਕ ਤਵਾਜਨ ਤੇ ਸਹਿਹੋਂਦ ਵਿਚ ਵਿਚਰਦੇ ਹਨ, ਇਹ ਸਾਂਝੀਵਾਲਤਾ ਤੇ ਵੰਨਸੁਵੰਨਤਾ ਨੂੰ ਮੰਨਣ ਵਾਲਾ ਖਿਆਲ ਹੈ।

ਇਹ ਰਾਜ ਅਕਾਲਪੁਰਖ ਦੇ ਹੁਕਮ ਵਿਚ ਉਸਰਿਆ ਹੈ ਨਾਕਿ ਸਿਰਫ ਲੌਕਿਕ ਕਾਰਕਾਂ ਕਾਰਨ, ਇਥੇ ਕੋਈ ਆਕੀ ਜਰਵਾਣਾ ਨਹੀਂ ਹੈ ਭਾਵ ਸਭ ਲਈ ਨਿਆਂ ਹੈ, ਕੋਈ ਨਿਤਾਣਾ ਦੁਖੀ ਨਹੀਂ ਹੈ ਭਾਵ ਸਭ ਲਈ ਸੁਰਖਿਆ ਹੈ, ਸਭ ਲੋਕ ਜੀਵਨ ਦੀਆਂ ਬੁਨਿਆਦੀ ਲੋੜਾਂ ਪੂਰੀਆਂ ਕਰਕੇ ਸੁਖੀ ਵੱਸ ਰਹੇ ਹਨ। ਖਾਲਸਾ ਜੀ ਦਾ ਮਨੋਰਥ ਹਲੇਮੀ ਰਾਜ ਦੀ ਸਥਾਪਤੀ ਹੈ। ਇਤਿਹਾਸ ਵਿਚ ਇਹ ਰਾਜ ਕਈ ਰੂਪਾਂ ਵਿਚ ਪਰਗਟ ਹੋਇਆ ਹੈ। ਬਾਬਾ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿਚ ਸਥਾਪਿਤ ਹੋਏ 'ਖਾਲਸਾ ਰਾਜ' ਤੋਂ ਲੈ ਕੇ ੧੮ਵੀਂ ਸਦੀ ਦੇ ਮਿਸਲ ਕਾਲ ਦੌਰਾਨ ਤੇ 19ਵੀ ਸਦੀ ਵਿਚ ਸਰਕਾਰ-ਏ-ਖਾਲਸਾ ਅਤੇ ਹਾਲੀਆਂ ਸਮਿਆਂ ਵਿਚ ਖਾਲਿਸਤਾਨ ਲਹਿਰ ਤੱਕ ਭਾਵੇਂ ਇਸ ਨੂੰ ਵੱਖ-ਵੱਖ ਨਾਵਾਂ ਨਾਲ ਜਾਣਿਆ ਜਾਂਦਾ ਹੈ ਪਰ ਮੌਲਿਕ ਰੂਪ ਵਿਚ ਇਹ ਹਲੇਮੀ ਰਾਜ ਦੀ ਸਥਾਪਤੀ ਜਾਂ ਇਸ ਦੇ ਯਤਨਾਂ ਦੇ ਹੀ ਪ੍ਰਗਟਾਵੇ ਹਨ।

*****

# ਸ੍ਰੀ ਅਕਾਲ ਜੀ ਸਹਾਇ॥

ਵਾਹਿਗੁਰੂਜੀਕਾਖਾਲਸਾ॥ ਵਾਹਿਗੁਰੂਜੀਕੀਫਤਿਹ॥

੨੯ ਅਪਰੈਲ ੨੦੨੬

